ਕਪਤਾਨ ਸ਼ੁਭਮਨ ਗਿੱਲ, ਲੋਕੇਸ਼ ਰਾਹੁਲ ਅਤੇ ਯਸ਼ਸਵੀ ਜਾਇਸਵਾਲ ਵਰਗੇ ਪ੍ਰਮੁੱਖ ਬੱਲੇਬਾਜ਼ ਸ਼੍ਰੀਲੰਕਾ ਰਵਾਨਾ ਹੋਣ ਤੋਂ ਪਹਿਲਾਂ ਆਪਣੇ-ਆਪਣੇ ਘਰੇਲੂ ਅਭਿਆਸ ਕੇਂਦਰਾਂ 'ਤੇ ਸਪਿੰਨ ਗੇਂਦਬਾਜ਼ੀ ਖਿਲਾਫ ਅਭਿਆਸ ਕਰ ਚੁੱਕੇ ਹਨ ਪਰ ਸ਼੍ਰੀਲੰਕਾਈ ਪਿੱਚਾਂ 'ਚ ਮੈਚ ਵਰਗੇ ਹਾਲਾਤ 'ਚ ਖੇਡਣ ਦਾ ਤਜਰਬਾ ਉਸ ਤੋਂ ਕਿਤੇ ਵੱਧ ਉਪਯੋਗੀ ਹੋਵੇਗਾ। ਇਹ 3 ਦਿਨਾ ਮੁਕਾਬਲਾ ਖਿਡਾਰੀਆਂ ਨੂੰ ਸਥਾਨਕ ਹਾਲਾਤ ਨਾਲ ਤਾਲਮੇਲ ਬਿਠਾਉਣ ਦਾ ਮੌਕਾ ਦੇਵੇਗਾ।

ਟੀਮ ਦੇ ਕਈ ਖਿਡਾਰੀ ਪਹਿਲੀ ਵਾਰ ਸ਼੍ਰੀਲੰਕਾ 'ਚ ਲਾਲ ਗੇਂਦ ਦੇ ਕ੍ਰਿਕਟ 'ਚ ਉਤਰਨਗੇ। ਭਾਰਤ ਨੇ ਪਿਛਲੀ ਵਾਰ 2017 'ਚ ਸ਼੍ਰੀਲੰਕਾ 'ਚ ਟੈਸਟ ਲੜੀ ਖੇਡੀ ਸੀ ਅਤੇ ਉਦੋਂ ਤੋਂ ਟੀਮ 'ਚ ਵੱਡੇ ਬਦਲਾਅ ਆ ਚੁੱਕੇ ਹਨ। ਮੌਜੂਦਾ ਭਾਰਤੀ ਟੀਮ 'ਚ ਸਿਰਫ ਲੋਕੇਸ਼ ਰਾਹੁਲ, ਕੁਲਦੀਪ ਯਾਦਵ ਅਤੇ ਰਵਿੰਦਰ ਜਡੇਜਾ ਨੂੰ ਹੀ ਸ਼੍ਰੀਲੰਕਾ 'ਚ ਟੈਸਟ ਖੇਡਣ ਦਾ ਤਜਰਬਾ ਹੈ। ਜ਼ਖ਼ਮੀ ਜਸਪ੍ਰੀਤ ਬੁਮਰਾਹ ਦੀ ਗੈਰ-ਹਾਜ਼ਰੀ 'ਚ ਤੇਜ਼ ਗੇਂਦਬਾਜ਼ ਮੁਹੰਮਦ ਸਿਰਾਜ ਭਾਰਤੀ ਗੇਂਦਬਾਜ਼ੀ ਹਮਲੇ ਦੀ ਅਗਵਾਈ ਕਰਨਗੇ। ਉਸ ਨੂੰ ਪ੍ਰਸਿੱਧ ਕ੍ਰਿਸ਼ਨਾ, ਗੁਰਨੂਰ ਬਰਾਰ, ਮਾਨਵ ਸੁਥਾਰ ਤੇ ਸਾਰਾਂਸ਼ ਜੈਨ ਦਾ ਸਾਥ ਮਿਲੇਗਾ। ਸਿਰਾਜ ਅਤੇ ਕੁਲਦੀਪ ਨੂੰ ਛੱਡ ਕੇ ਜ਼ਿਆਦਾਤਰ ਗੇਂਦਬਾਜ਼ ਤਜਰਬੇਹੀਣ ਹਨ ਅਤੇ ਉਹ ਸ਼੍ਰੀਲੰਕਾਈ ਹਾਲਾਤ 'ਚ ਆਪਣੀ ਸਮਰੱਥਾ ਸਾਬਿਤ ਕਰਨ ਲਈ ਉਤਸ਼ਾਹਿਤ ਹੋਣਗੇ।

ਬਰਾੜ ਅਤੇ ਜੈਨ ਨੇ ਪਿਛਲੇ ਮਹੀਨੇ ਗਾਲ 'ਚ ਭਾਰਤ 'ਏ' ਵੱਲੋਂ ਸ਼੍ਰੀਲੰਕਾ 'ਏ' ਖਿਲਾਫ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ। ਦੋਵੇਂ ਖਿਡਾਰੀ ਇਸ ਅਭਿਆਸ ਮੈਚ 'ਚ ਵੀ ਚੰਗਾ ਪ੍ਰਦਰਸ਼ਨ ਕਰ ਕੇ ਆਪਣੀ ਤਿਆਰੀ ਨੂੰ ਹੋਰ ਮਜ਼ਬੂਤ ਕਰਨਾ ਚਾਹੁਣਗੇ। ਘਰੇਲੂ ਕ੍ਰਿਕਟ 'ਚ ਦਮਦਾਰ ਪ੍ਰਦਰਸ਼ਨ ਤੋਂ ਬਾਅਦ ਆਕਿਬ ਨਬੀ ਵੀ ਕੌਮਾਂਤਰੀ ਪੱਧਰ 'ਚ ਖੁਦ ਨੂੰ ਸਾਬਿਤ ਕਰਨ ਲਈ ਬੇਤਾਬ ਹੋਵੇਗਾ। ਮੁੱਖ ਕੋਚ ਗੌਤਮ ਗੰਭੀਰ ਨੇ ਵੀ ਖਿਡਾਰੀਆਂ ਨੂੰ ਹਰ ਪਹਿਲੂ 'ਤੇ ਪੂਰੀ ਤਿਆਰੀ ਕਰਨ ਦਾ ਸੁਨੇਹਾ ਦਿੱਤਾ।

ਮੌਸਮ ਹਾਲਾਂਕਿ ਭਾਰਤ ਦੀਆਂ ਤਿਆਰੀਆਂ 'ਚ ਅੜਿੱਕਾ ਬਣ ਸਕਦਾ ਹੈ। ਮੌਸਮ ਵਿਭਾਗ ਨੇ ਸ਼ੁੱਕਰਵਾਰ ਤੋਂ ਸ਼ਹਿਰ 'ਚ ਰੁਕ-ਰੁਕ ਕੇ ਬਾਰਿਸ਼ ਹੋਣ ਦਾ ਅਨੁਮਾਨ ਜਤਾਇਆ ਹੈ। ਇਸ ਵਿਚਾਲੇ ਸ਼੍ਰੀਲੰਕਾ ਨੇ ਵੀ ਇਸ ਅਭਿਆਸ ਮੈਚ ਲਈ ਮਜ਼ਬੂਤ ਇਲੈਵਨ ਦਾ ਐਲਾਨ ਕੀਤਾ ਹੈ, ਜਿਸ 'ਚ ਟੈਸਟ ਟੀਮ 'ਚ ਜਗ੍ਹਾ ਬਣਾਉਣ ਦੇ ਦਾਅਵੇਦਾਰ ਕਈ ਪ੍ਰਮੁੱਖ ਖਿਡਾਰੀ ਸ਼ਾਮਲ ਹਨ। ਸ਼੍ਰੀਲੰਕਾ ਲਈ 3 ਟੈਸਟ ਮੈਚ ਖੇਡ ਚੁੱਕੇ ਸੋਨਲ ਦਿਨੁਸ਼ਾ ਦੀ ਕਪਤਾਨੀ 'ਚ ਇਸ ਟੀਮ 'ਚ ਤੇਜ਼ ਗੇਂਦਬਾਜ਼ ਵਿਸ਼ਵਾ ਫਰਨਾਂਡੋ, ਲਾਹਿਰੂ ਕੁਮਾਰਾ ਅਤੇ ਸਪਿੰਨਰ ਇਸ਼ਿਥਾ ਵਿਜੇਸੁੰਦਰਾ ਅਤੇ ਰਮੇਸ਼ ਮੈਂਡਿਸ ਵਰਗੇ ਖਿਡਾਰੀ ਸ਼ਾਮਲ ਹਨ।

ਟੀਮਾਂ ਇਸ ਤਰ੍ਹਾਂ ਹਨ

ਭਾਰਤ : ਸ਼ੁਭਮਨ ਗਿੱਲ (ਕਪਤਾਨ), ਲੋਕੇਸ਼ ਰਾਹੁਲ (ਉੱਪ-ਕਪਤਾਨ), ਯਸ਼ਸਵੀ ਜਾਇਸਵਾਲ, ਰਿਸ਼ਭ ਪੰਤ (ਵਿਕਟਕੀਪਰ), ਧਰੁਵ ਜੁਰੇਲ (ਵਿਕਟਕੀਪਰ), ਰਵਿੰਦਰ ਜਡੇਜਾ, ਕੁਲਦੀਪ ਯਾਦਵ, ਮਾਨਵ ਸੁਤਾਰ, ਮੁਹੰਮਦ ਸਿਰਾਜ, ਪ੍ਰਸਿੱਧ ਕ੍ਰਿਸ਼ਨਾ, ਗੁਰਨੂਰ ਬਰਾਰ, ਦੇਵਦੱਤ ਪੱਡੀਕਲ, ਸਾਰਾਂਸ਼ ਜੈਨ, ਆਕਿਬ ਨਬੀ।

ਸ਼੍ਰੀਲੰਕਾ ਇਲੈਵਨ : ਨਿਸ਼ਾਨ ਮਧੁਸ਼ਕਾ, ਰਵਿੰਦੂ ਰਸ਼ਨਥਾ, ਪਸਿੰਦੂ ਸੂਰੀਆਬੰਦਰ, ਪਵਨ ਰਤਨਾਯਕੇ, ਅਹਾਨ ਵਿਕਰਮਸਿੰਘੇ, ਸੋਨਲ ਦਿਨੁਸ਼ਾ (ਕਪਤਾਨ), ਅੰਜਲਾ ਬੰਡਾਰਾ (ਵਿਕਟਕੀਪਰ), ਨਿਪੁਨ ਦਨੰਜਯ, ਲਾਹਿਰੂ ਕੁਮਾਰਾ, ਵਿਸ਼ਵਾ ਫਰਨਾਂਡੋ, ਅਸਿੰਕਾ ਮਨੋਜ, ਇਸ਼ਿਥਾ ਵਿਜੇਸੁੰਦਰਾ, ਰਮੇਸ਼ ਮੈਂਡਿਸ, ਕੇਸਾਰਾ ਨੁਵੰਥਾ, ਦਿਲੁਮ ਸੁਦੀਰਾ।

ਮੈਦਾਨ 'ਚ ਉਤਰਦੇ ਹੀ ਸਾਡੇ ਕੋਲ ਹਰ ਸਵਾਲ ਦਾ ਜਵਾਬ ਹੋਵੇਗਾ : ਗੌਤਮ ਗੰਭੀਰ

ਕੋਲੰਬੋ, 6 ਅਗਸਤ (ਏਜੰਸੀ)- ਭਾਰਤੀ ਟੀਮ ਦਾ ਹਾਲ ਦੇ ਸਾਲਾਂ 'ਚ ਘਰੇਲੂ ਮੈਦਾਨ 'ਚ ਟੈਸਟ 'ਚ ਪ੍ਰਦਰਸ਼ਨ ਨਿਰਾਸ਼ਾਜਨਕ ਰਿਹਾ ਹੈ। ਮੁੱਖ ਕੋਚ ਗੌਤਮ ਗੰਭੀਰ ਨੂੰ ਹਾਲਾਂਕਿ ਭਰੋਸਾ ਹੈ ਕਿ 15 ਅਗਸਤ ਤੋਂ ਸ਼੍ਰੀਲੰਕਾ ਖਿਲਾਫ ਸ਼ੁਰੂ ਹੋਣ ਵਾਲੀ 2 ਟੈਸਟ ਮੈਚਾਂ ਦੀ ਲੜੀ ਲਈ ਉਸ ਦੀ ਟੀਮ ਪੂਰੀ ਤਰ੍ਹਾਂ ਤਿਆਰ ਰਹਿਣ ਦੇ ਨਾਲ ਹਰ ਚੁਣੌਤੀ ਦਾ ਜਵਾਬ ਦੇਣ 'ਚ ਸਮਰੱਥ ਰਹੇਗੀ। ਅਭਿਆਸ ਸੈਸ਼ਨ ਤੋਂ ਪਹਿਲਾਂ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਗੰਭੀਰ ਨੇ ਟੀਮ 'ਚ ਸ਼ਾਮਲ ਹੋਏ ਨਵੇਂ ਖਿਡਾਰੀਆਂ ਸਪਿੰਨ ਗੇਂਦਬਾਜ਼ੀ ਆਲਰਾਊਂਡਰ ਸਾਰਾਂਸ਼ ਜੈਨ ਅਤੇ ਤੇਜ਼ ਗੇਂਦਬਾਜ਼ ਆਕਿਬ ਨਬੀ ਦਾ ਵੀ ਸਵਾਗਤ ਕੀਤਾ।

ਬੀ.ਸੀ.ਸੀ.ਆਈ. ਵੱਲੋਂ ਸਾਂਝੇ ਕੀਤੇ ਗਏ ਵੀਡੀਓ 'ਚ ਗੰਭੀਰ ਨੇ ਕਿਹਾ, "ਅਸੀਂ ਜਾਣਦੇ ਹਾਂ ਕਿ ਸਾਡੇ ਸਾਹਮਣੇ ਕੀ ਚੁਣੌਤੀ ਹੈ। ਜੇਕਰ ਅਸੀਂ ਸਖ਼ਤ ਮਿਹਨਤ ਕਰ ਸਕਦੇ ਹਾਂ, ਆਪਣੀ ਸਮਰੱਥਾ ਨੂੰ ਅੱਗੇ ਵਧਾਉਂਦੇ ਰਹਿ ਤਾਂ ਹਰ ਤਿਆਰੀ ਪੂਰੀ ਕਰ ਸਕਦੇ ਹਾਂ। 15 ਅਗਸਤ ਦੀ ਸਵੇਰ ਜਦੋਂ ਮੈਚ ਸ਼ੁਰੂ ਹੋਵੇਗਾ, ਚਾਹੇ ਅਸੀਂ ਪਹਿਲਾਂ ਬੱਲੇਬਾਜ਼ੀ ਕਰੀਏ ਜਾਂ ਗੇਂਦਬਾਜ਼ੀ, ਸਾਨੂੰ ਹਰ ਸਵਾਲ ਦਾ ਜਵਾਬ ਦੇਣ ਲਈ ਪੂਰੀ ਤਰ੍ਹਾਂ ਤਿਆਰ ਰਹਿਣਾ ਹੈ। ਇਸ ਲਈ ਅਜੇ ਤੋਂ ਅਸੀਂ ਆਪਣੀ ਤਿਆਰੀਆਂ 'ਚ ਕੋਈ ਕਮੀ ਨਹੀਂ ਛੱਡਣੀ।"ਲੜੀ ਦਾ ਪਹਿਲਾ ਟੈਸਟ 15 ਅਗਸਤ ਤੋਂ ਗਾਲ 'ਚ ਖੇਡਿਆ ਜਾਵੇਗਾ, ਜਦਕਿ ਦੂਜਾ ਮੁਕਾਬਲਾ 23 ਅਗਸਤ ਤੋਂ ਕੋਲੰਬੋ 'ਚ ਹੋਵੇਗਾ। ਪਿਛਲੇ ਦਸੰਬਰ 'ਚ ਦੱਖਣੀ ਅਫਰੀਕਾ ਖਿਲਾਫ ਘਰੇਲੂ ਮੈਦਾਨ 'ਚ 0-2 ਦੀ ਨਿਰਾਸ਼ਾਜਨਕ ਹਾਰ ਤੋਂ ਬਾਅਦ ਵਿਸ਼ਵ ਟੈਸਟ ਚੈਂਪੀਅਨਸ਼ਿਪ (ਡਬਲਯੂ.ਟੀ.ਸੀ.) 'ਚ ਇਹ ਭਾਰਤ ਦਾ ਪਹਿਲਾ ਮੁਕਾਬਲਾ ਹੋਵੇਗਾ।

ਫੀਫਾ 'ਚ ਵਧਿਆ ਘਮਾਸਾਨ, ਪ੍ਰਧਾਨ ਇਨਫੈਂਟੀਨੋ 'ਤੇ ਅਸਤੀਫੇ ਦਾ ਦਬਾਅ

ਸੁਧਾਰ ਦੀ ਮੰਗ ਤੇਜ਼ : ਮਾਹਿਰਾਂ ਦਾ ਮੰਨਣਾ ਹੈ ਕਿ ਫੀਫਾ ਨੂੰ ਹੁਣ ਸਿਰਫ ਵਿਵਾਦਾਂ 'ਚੋਂ ਬਾਹਰ ਨਿਕਲਣ ਦੀ ਨਹੀਂ, ਸਗੋਂ ਆਪਣੇ ਪ੍ਰਸ਼ਾਸਨਿਕ ਢਾਂਚੇ 'ਚ ਪਾਰਦਰਸ਼ਤਾ, ਜਵਾਬਦੇਹੀ ਤੇ ਸਹਿਭਾਗੀ ਫੈਸਲਾ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਆਉਣ ਵਾਲੇ ਮਹੀਨਿਆਂ 'ਚ ਲਏ ਜਾਣ ਵਾਲੇ ਫੈਸਲੇ ਵਿਸ਼ਵ ਫੁੱਟਬਾਲ ਦੀ ਦਿਸ਼ਾ ਤੈਅ ਕਰਨ 'ਚ ਅਹਿਮ ਭੂਮਿਕਾ ਨਿਭਾਉਣਗੇ।

ਰਬਾਤ/ਜ਼ਿਊਰਿਖ, 6 ਅਗਸਤ (ਇੰਟ)- ਵਿਸ਼ਵ ਫੁੱਟਬਾਲ ਦੀ ਸਰਵਉੱਚ ਸੰਸਥਾ ਫੀਫਾ ਦੇ ਪ੍ਰਧਾਨ ਜਿਆਨੀ ਇਨਫੈਂਟੀਨੋ 'ਤੇ ਦਬਾਅ ਲਗਾਤਾਰ ਵਧਦਾ ਜਾ ਰਿਹਾ ਹੈ। ਵਿਸ਼ਵ ਕੱਪ ਨਾਲ ਜੁੜੇ ਨਿੱਜੀ ਨਿਵੇਸ਼ ਪ੍ਰਸਤਾਵ ਨੂੰ ਵਾਪਸ ਲੈਣ ਦੇ ਬਾਵਜੂਦ ਵਿਵਾਦ ਖ਼ਤਮ ਹੁੰਦਾ ਨਜ਼ਰ ਨਹੀਂ ਆ ਰਿਹਾ। ਆਲੋਚਨਾਵਾਂ ਵਿਚਾਲੇ ਇਨਫੈਂਟੀਨੋ ਨੇ ਮੋਰੱਕੋ 'ਚ ਫੀਫਾ ਅਧਿਕਾਰੀਆਂ ਨਾਲ ਐਮਰਜੈਂਸੀ ਬੈਠਕ ਕਰ ਕੇ ਹਾਲਾਤ 'ਤੇ ਚਰਚਾ ਕੀਤੀ।

ਵਿਸ਼ਵ ਕੱਪ ਯੋਜਨਾ ਬਣੀ ਵਿਵਾਦ ਦੀ ਵਜ੍ਹਾ

ਵਿਵਾਦ ਦੀ ਸ਼ੁਰੂਆਤ ਉਸ ਪ੍ਰਸਤਾਵ ਤੋਂ ਹੋਈ, ਜਿਸ 'ਚ ਵਿਸ਼ਵ ਕੱਪ ਨਾਲ ਜੁੜੇ ਵਪਾਰਕ ਅਧਿਕਾਰਾਂ ਅਤੇ ਨਿਵੇਸ਼ ਵਿਵਸਥਾ 'ਚ ਵੱਡੇ ਬਦਲਾਅ ਦੀ ਗੱਲ ਸਾਹਮਣੇ ਆਈ ਸੀ। ਇਸ ਯੋਜਨਾ ਦਾ ਕਈ ਫੁੱਟਬਾਲ ਸੰਗਠਨਾਂ ਅਤੇ ਅਧਿਕਾਰੀਆਂ ਨੇ ਵਿਰੋਧ ਕੀਤਾ।

ਵਿਰੋਧ ਵਧਣ ਤੋਂ ਬਾਅਦ ਫੀਫਾ ਨੂੰ ਇਹ ਪ੍ਰਸਤਾਵ ਵਾਪਸ ਲੈਣਾ ਪਿਆ ਪਰ ਇਸ ਨਾਲ ਸੰਗਠਨ ਦੇ ਅੰਦਰ ਅਸੰਤੋਸ਼ ਹੋਰ ਗੂੜ੍ਹਾ ਹੋ ਗਿਆ।

ਯੂਰਪੀਅਨ ਲੀਗਾਂ ਨੇ ਚੁੱਕੇ ਗੰਭੀਰ ਸਵਾਲ

ਯੂਰਪ ਦੀਆਂ ਪ੍ਰਮੁੱਖ ਫੁੱਟਬਾਲ ਲੀਗਾਂ ਦੇ ਸੰਗਠਨ ਨੇ ਫੀਫਾ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਗਲੋਬਲ ਫੁੱਟਬਾਲ ਨਾਲ ਜੁੜੇ ਫੈਸਲੇ ਸਾਰੇ ਹਿੱਸੇਦਾਰਾਂ ਨਾਲ ਵਿਆਪਕ ਚਰਚਾ ਤੋਂ ਬਾਅਦ ਹੀ ਹੋਣੇ ਚਾਹੀਦੇ ਹਨ। ਸੰਗਠਨ ਨੇ ਦੋਸ਼ ਲਾਇਆ ਕਿ ਇੱਕਤਰਫਾ ਫੈਸਲੇ ਲੈਣ ਦੀ ਪ੍ਰਵਿਰਤੀ ਫੁੱਟਬਾਲ ਦੇ ਭਵਿੱਖ ਲਈ ਠੀਕ ਨਹੀਂ ਹੈ ਅਤੇ ਫੀਫਾ ਦੇ ਪ੍ਰਸ਼ਾਸਨਿਕ ਢਾਂਚੇ 'ਚ ਸੁਧਾਰ ਦੀ ਲੋੜ ਹੈ।

ਲੁਈਸ ਫਿਗੋ ਨੇ ਵੀ ਵਿੰਨ੍ਹਿਆ ਨਿਸ਼ਾਨਾ

ਪੁਰਤਗਾਲ ਦੇ ਸਾਬਕਾ ਸਟਾਰ ਫੁੱਟਬਾਲਰ ਲੁਈਸ ਫਿਗੋ ਨੇ ਵੀ ਇਨਫੈਂਟੀਨੋ ਦੀ ਆਲੋਚਨਾ ਕਰਦਿਆਂ ਕਿਹਾ ਕਿ ਫੀਫਾ ਜਿਨ੍ਹਾਂ ਸਮੱਸਿਆਵਾਂ 'ਚੋਂ ਲੰਘ ਰਿਹਾ ਹੈ, ਉਨ੍ਹਾਂ ਦਾ ਸਭ ਤੋਂ ਆਸਾਨ ਹੱਲ ਲੀਡਰਸ਼ਿਪ ਬਦਲਾਅ ਹੋ ਸਕਦਾ ਹੈ। ਫਿਗੋ ਨੇ ਸੰਗਠਨ 'ਚ ਪਾਰਦਰਸ਼ਤਾ ਅਤੇ ਜਵਾਬਦੇਹੀ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਮੋਰੱਕੋ ਤੋਂ ਮਿਲਿਆ ਸਮਰਥਨ

ਵਿਰੋਧ ਵਿਚਾਲੇ ਮੋਰੱਕੋ ਫੁੱਟਬਾਲ ਮਹਾਸੰਘ ਦੇ ਪ੍ਰਧਾਨ ਫੌਜੀ ਲੇਕਜਾ ਨੇ ਇਨਫੈਂਟੀਨੋ ਦਾ ਖੁੱਲ੍ਹ ਕੇ ਸਮਰਥਨ ਕੀਤਾ। ਉਸ ਨੇ ਕਿਹਾ ਕਿ ਵਿਸ਼ਵ ਫੁੱਟਬਾਲ ਦੇ ਵਿਕਾਸ ਲਈ ਪਿਛਲੇ ਸਾਲਾਂ 'ਚ ਕਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਮੌਜੂਦਾ ਵਿਵਾਦ ਦੇ ਬਾਵਜੂਦ ਸੰਗਠਨ ਨੂੰ ਅੱਗੇ ਵਧਣ 'ਤੇ ਧਿਆਨ ਦੇਣਾ ਚਾਹੀਦਾ ਹੈ।

2030 ਵਿਸ਼ਵ ਕੱਪ ਵੀ ਚਰਚਾ ਦੇ ਕੇਂਦਰ 'ਚ

ਮੋਰੱਕੋ ਸਾਲ 2030 ਦੇ ਫੀਫਾ ਵਿਸ਼ਵ ਕੱਪ ਦੀ ਸਾਂਝੀ ਮੇਜ਼ਬਾਨੀ ਕਰਨ ਜਾ ਰਿਹਾ ਹੈ। ਅਜਿਹੇ 'ਚ ਇਨਫੈਂਟੀਨੋ ਦੀ ਮੋਰੱਕੋ ਯਾਤਰਾ ਨੂੰ ਸਿਰਫ ਰਸਮੀ ਬੈਠਕ ਨਹੀਂ, ਸਗੋਂ ਗਲੋਬਲ ਸਮਰਥਨ ਜੁਟਾਉਣ ਦੀ ਕੋਸ਼ਿਸ਼ ਦੇ ਰੂਪ 'ਚ ਵੀ ਦੇਖਿਆ ਜਾ ਰਿਹਾ ਹੈ।

3 ਭਾਰਤੀ ਵਿਸ਼ਵ ਐਥਲੈਟਿਕਸ ਅੰਡਰ-20 ਚੈਂਪੀਅਨਸ਼ਿਪ ਦੇ ਫਾਈਨਲ 'ਚ

ਭਾਲਾ ਸੁੱਟ ਖਿਡਾਰੀ ਆਸ਼ੀਸ਼ ਯਾਦਵ ਵੀ ਫਾਈਨਲ 'ਚ

ਯੂਜੀਨ, 6 ਅਗਸਤ (ਏਜੰਸੀ)- ਭਾਲਾ ਸੁੱਟ ਖਿਡਾਰੀ ਆਸ਼ੀਸ਼ ਯਾਦਵ ਅਤੇ ਟੀ. ਧਰਨੀਧਰਨ ਨਾਲ ਚੱਕਾ ਸੁੱਟ ਖਿਡਾਰੀ ਅਮਾਨਤ ਕੰਬੋਜ ਨੇ ਵਿਸ਼ਵ ਐਥਲੈਟਿਕਸ ਅੰਡਰ-20 ਚੈਂਪੀਅਨਸ਼ਿਪ ਦੇ ਪਹਿਲੇ ਦਿਨ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਫਾਈਨਲ ਲਈ ਕੁਆਲੀਫਾਈ ਕੀਤਾ। ਯਾਦਵ ਪੁਰਸ਼ਾਂ ਦੇ ਭਾਲਾ ਸੁੱਟ ਗਰੁੱਪ-ਏ ਕੁਆਲੀਫਾਈੰਗ ਦੌਰ 'ਚ 69.87 ਮੀਟਰ ਦੇ ਥਰੋਅ ਨਾਲ ਟਾਪ 'ਤੇ ਰਿਹਾ ਅਤੇ ਓਵਰਆਲ ਦੂਜਾ ਸਥਾਨ ਹਾਸਲ ਕੀਤਾ।

ਦੱਖਣੀ ਅਫਰੀਕਾ ਦਾ ਜਾਨ ਹੈਂਡਰਿਕ ਹੋਇਸ 76.02 ਮੀਟਰ ਦੇ ਥਰੋਅ ਨਾਲ ਟਾਪ 'ਤੇ ਰਿਹਾ। ਧਰਨੀਧਰਨ 68.07 ਮੀਟਰ ਦਾ ਥਰੋਅ ਸੁੱਟ ਕੇ 12ਵੇਂ ਅਤੇ ਆਖਰੀ ਸਥਾਨ 'ਤੇ ਰਹਿੰਦੇ ਹੋਏ ਫਾਈਨਲ 'ਚ ਜਗ੍ਹਾ ਬਣਾਈ। ਭਾਰਤੀ ਸੁਪਰਸਟਾਰ ਨੀਰਜ ਚੋਪੜਾ ਦੇ ਨਾਂ ਇਸ ਮੁਕਾਬਲੇ ਦਾ ਵਿਸ਼ਵ ਰਿਕਾਰਡ ਹੈ, ਜਿਸ ਨੇ 2016 'ਚ ਪੋਲੈਂਡ 'ਚ 86.48 ਮੀਟਰ ਦੀ ਥਰੋਅ ਸੁੱਟੀ ਸੀ।

ਮਹਿਲਾਵਾਂ ਦੇ ਚੱਕਾ ਸੁੱਟ 'ਚ ਅਮਾਨਤ ਨੇ ਗਰੁੱਪ-ਏ 'ਚ 52.58 ਮੀਟਰ ਦਾ ਥਰੋਅ ਸੁੱਟ ਕੇ 6ਵਾਂ ਸਥਾਨ ਹਾਸਲ ਕੀਤਾ ਅਤੇ ਕੁੱਲ 12ਵੇਂ ਸਥਾਨ 'ਤੇ ਰਹੀ। ਚੀਨ ਦੀ ਸ਼ੂ ਯਿਕਿਨ 58.06 ਮੀਟਰ ਦੇ ਥਰੋਅ ਨਾਲ ਟਾਪ 'ਤੇ ਰਹੀ। ਮੋਹਨੀ ਵੱਕਟਰਾਮ ਪੁਰਸ਼ਾਂ ਦੇ 800 ਮੀਟਰ ਸੈਮੀਫਾਈਨਲ 'ਚ ਪਹੁੰਚ ਗਿਆ, ਜਦਕਿ ਉਵਿਨ ਆਨੰਦ ਬਾਹਰ ਹੋ ਗਿਆ। ਵੱਕਟਰਾਮ ਨੇ 5ਵੀਂ ਹੀਟ 'ਚ ਇਕ ਮਿੰਟ 52.81 ਸੈਕੰਡ ਦਾ ਸਮਾਂ ਕੱਢਿਆ। ਆਨੰਦ ਪਹਿਲੀ ਹੀਟ 'ਚ 30ਵੇਂ ਸਥਾਨ 'ਤੇ ਰਿਹਾ। ਭਾਰਤ ਦੀ 4 ਗੁਣਾ 400 ਮੀਟਰ ਮਿਕਸਡ ਰਿਲੇਅ ਟੀਮ ਪਹਿਲੇ ਦੌਰ 'ਚ ਹੀ ਆਪਣੀ ਹੀਟ 'ਚ ਚੌਥੇ ਸਥਾਨ 'ਤੇ ਰਹਿ ਕੇ ਬਾਹਰ ਹੋ ਗਈ।

ਭਾਰਤੀ ਮਹਿਲਾ ਟੀਮ ਦੇ ਦੱਖਣੀ ਅਫਰੀਕਾ ਦੌਰੇ 'ਚ 3 ਟੀ-20 ਮੈਚ ਸ਼ਾਮਿਲ

ਜੋਹਾਨਿਸਬਰਗ, 6 ਅਗਸਤ (ਏਜੰਸੀ)- ਕ੍ਰਿਕਟ ਦੱਖਣੀ ਅਫਰੀਕਾ (ਸੀ.ਐੱਸ.ਏ.) ਨੇ ਇਸ ਸਾਲ ਦੇ ਅੰਤ 'ਚ ਭਾਰਤੀ ਮਹਿਲਾ ਟੀਮ ਦੇ ਦੱਖਣੀ ਅਫਰੀਕਾ ਦੌਰੇ ਦੇ ਪ੍ਰੋਗਰਾਮ 'ਚ ਵੀਰਵਾਰ ਨੂੰ ਸੋਧ ਕੀਤੀ ਤਾਂ ਜੋ 1 ਟੈਸਟ ਅਤੇ 3 ਵਨ ਡੇ ਮੈਚ ਨਾਲ 3 ਟੀ-20 ਕੌਮਾਂਤਰੀ ਮੈਚ ਨੂੰ ਵੀ ਇਸ 'ਚ ਸ਼ਾਮਿਲ ਕੀਤਾ ਜਾ ਸਕੇ। ਸੋਧੇ ਹੋਏ ਪ੍ਰੋਗਰਾਮ ਅਨੁਸਾਰ ਇਕਲੌਤਾ ਟੈਸਟ ਮੈਚ 9 ਤੋਂ 12 ਦਸੰਬਰ ਤੱਕ ਖੇਡਿਆ ਜਾਵੇਗਾ। ਇਸ ਤੋਂ ਬਾਅਦ 16 ਤੋਂ 22 ਦਸੰਬਰ ਦੇ ਵਿਚਾਲੇ 3 ਮੈਚਾਂ ਦੀ ਵਨ ਡੇ ਲੜੀ ਆਯੋਜਿਤ ਹੋਵੇਗੀ। ਭਾਰਤੀ ਮਹਿਲਾ ਟੀਮ ਦੱਖਣੀ ਅਫਰੀਕਾ 'ਚ ਇਕ ਵਾਧੂ ਹਫਤੇ ਤੱਕ ਰੁਕੇਗੀ ਅਤੇ 26 ਤੋਂ 30 ਦਸੰਬਰ ਵਿਚਾਲੇ 3 ਮੈਚਾਂ ਦੀ ਟੀ-20 ਕੌਮਾਂਤਰੀ ਲੜੀ ਖੇਡੇਗੀ।

ਟੀ-20 ਮੁਕਾਬਲੇ ਬੇਨੋਨੀ ਅਤੇ ਪੋਚੇਫਸਟਰੂਮ 'ਚ ਖੇਡੇ ਜਾਣਗੇ। ਸੀ. ਐੱਸ. ਏ. ਦੇ ਮੁਤਾਬਕ ਇਹ ਬਦਲਾਅ ਇਸ ਲਈ ਕੀਤਾ ਗਿਆ ਹੈ ਤਾਂ ਕਿ ਇਹ ਲੜੀ ਦੋਵਾਂ ਟੀਮਾਂ ਲਈ ਫਰਵਰੀ 'ਚ ਸ਼੍ਰੀਲੰਕਾ 'ਚ ਆਯੋਜਿਤ ਹੋਣ ਵਾਲੀ ਪਹਿਲੀ ਮਹਿਲਾ ਚੈਂਪੀਅਨਜ਼ ਟਰਾਫੀ ਦੀ ਤਿਆਰੀ ਦਾ ਬਿਹਤਰੀਨ ਮੌਕਾ ਹੋਵੇਗੀ।

ਬੈਥਲ ਬਾਹਰ : ਪੋਪ, ਕਾਰਸ, ਲਾਰੈਂਸ ਦੀ ਇੰਗਲੈਂਡ ਟੈਸਟ ਟੀਮ 'ਚ ਵਾਪਸੀ

ਲੰਡਨ, 6 ਅਗਸਤ (ਏਜੰਸੀ)- ਜੈਕਬ ਬੈਥਲ ਗੋਡੇ ਦੀ ਸੱਟ ਕਾਰਨ ਪਾਕਿਸਤਾਨ ਖਿਲਾਫ 3 ਟੈਸਟ ਮੈਚਾਂ ਦੀ ਲੜੀ ਤੋਂ ਬਾਹਰ ਹੋ ਗਏ ਹਨ, ਜਦਕਿ ਓਲੀ ਪੋਪ, ਬ੍ਰਾਇਡਨ ਕਾਰਸ ਤੇ ਡੈਨ ਲਾਰੈਂਸ ਸ਼ੁਰੂਆਤੀ 2 ਟੈਸਟ ਮੈਚਾਂ ਲਈ ਨਾਮਜ਼ਦ 16 ਮੈਂਬਰੀ ਇੰਗਲਿਸ਼ ਟੀਮ 'ਚ ਪਰਤ ਆਏ ਹਨ। ਸਰੇ ਦੇ ਨਾਲ ਸ਼ਾਨਦਾਰ ਕਾਊਂਟੀ ਚੈਂਪੀਅਨਸ਼ਿਪ ਮੁਹਿੰਮ ਤੋਂ ਬਾਅਦ ਲਾਰੈਂਸ 2 ਸਾਲ 'ਚ ਪਹਿਲੀ ਵਾਰ ਟੈਸਟ ਟੀਮ 'ਚ ਪਰਤੇ ਹਨ, ਜਿਥੇ ਉਹ ਇਸ ਸੀਜ਼ਨ 'ਚ ਡਵੀਜ਼ਨ ਵਨ 'ਚ ਦੂਜੇ ਸਭ ਤੋਂ ਜ਼ਿਆਦਾ ਦੌੜਾਂ ਬਣਾਉਣ ਵਾਲੇ ਖਿਡਾਰੀ ਹਨ।

29 ਸਾਲਾ ਖਿਡਾਰੀ ਦਾ ਨੰਬਰ 6 'ਤੇ ਆਉਣਾ ਤੈਅ ਹੈ, ਨਿਊਜ਼ੀਲੈਂਡ ਖਿਲਾਫ ਇੰਗਲੈਂਡ ਦੀ ਹਾਲੀਆ ਟੈਸਟ ਸੀਰੀਜ਼ 'ਚ ਇਕ ਸਥਾਨ ਉਪਰ ਬੱਲੇਬਾਜ਼ੀ ਕਰਨ ਤੋਂ ਬਾਅਦ ਜੇਮੀ ਸਮਿਥ ਨੰਬਰ 7 'ਤੇ ਆ ਗਏ ਹਨ। ਜੋਰਡਨ ਕਾਕਸ, ਜਿਨ੍ਹਾਂ ਇਸ ਗਰਮੀ ਦੀ ਸ਼ੁਰੂਆਤ 'ਚ ਓਵਲ 'ਚ ਨਿਊਜ਼ੀਲੈਂਡ ਖਿਲਾਫ ਆਪਣਾ ਟੈਸਟ ਡੈਬਿਊ ਕੀਤਾ ਸੀ, ਬੈਥਲ ਦੀ ਜਗ੍ਹਾ ਨੰਬਰ 3 'ਤੇ ਬੱਲੇਬਾਜ਼ੀ ਕਰਨ ਲਈ ਤਿਆਰ ਹਨ, ਜਿਨ੍ਹਾਂ ਨੂੰ ਪਿਛਲੇ ਹਫਤੇ ਸੱਟ ਲੱਗ ਗਈ ਸੀ ਅਤੇ ਪਿਛਲੇ ਸਾਲ ਦੇ ਅਖੀਰ 'ਚ ਇੰਗਲੈਂਡ ਦੀ ਵਨ ਡੇ ਲੜੀ ਦੌਰਾਨ ਜੋਸ਼ ਬਟਲਰ ਦੇ ਨਾਲ ਸੱਟ ਲੱਗ ਗਈ ਸੀ ਅਤੇ ਉਹ ਪਾਕਿਸਤਾਨ ਖਿਲਾਫ ਪੂਰੀ ਲੜੀ ਨਹੀਂ ਖੇਡ ਸਕਣਗੇ।

ਤਨਵੀ, ਅਸ਼ਮਿਤਾ ਅਤੇ ਰਕਸ਼ਿਤਾ ਕੁਆਰਟਰ ਫਾਈਨਲ 'ਚ, ਅਨਮੋਲ ਖਰਬ ਦੂਜੇ ਰਾਊਂਡ 'ਚੋਂ ਹੋਈ ਬਾਹਰ

ਰਿਟਨ ਬਾਟ ਖੇਡਦੀ ਭਾਰਤੀ ਸਟਾਰ ਤਨਵੀ ਸ਼ਰਮਾ।

ਆਸਨ (ਦੱਖਣੀ ਕੋਰੀਆ), 6 ਅਗਸਤ (ਏਜੰਸੀ)- ਭਾਰਤੀ ਸਟਾਰ ਤਨਵੀ ਸ਼ਰਮਾ, ਅਸ਼ਮਿਤਾ ਚਾਲਿਹਾ ਅਤੇ ਰਕਸ਼ਿਤਾ ਰਾਮਰਾਜ ਨੇ ਵੀਰਵਾਰ ਨੂੰ ਮਹਿਲਾ ਸਿੰਗਲਜ਼ 'ਚ ਸ਼ਾਨਦਾਰ ਪ੍ਰਦਰਸ਼ਨ ਕਰ ਆਪਣੇ-ਆਪਣੇ ਮੁਕਾਬਲਿਆਂ 'ਚ ਜਿੱਤ ਦਰਜ ਕਰਦਿਆਂ ਕੋਰੀਆ ਮਾਸਟਰਜ਼ 2026 ਦੇ ਕੁਆਰਟਰ ਫਾਈਨਲ 'ਚ ਜਗ੍ਹਾ ਬਣਾ ਲਈ ਹੈ। ਉੱਥੇ ਹੀ ਅਨਮੋਲ ਖਰਬ ਨੂੰ ਦੂਜੇ ਦੌਰ ਦੇ ਸਖਤ ਮੁਕਾਬਲੇ 'ਚ ਹਾਰ ਦਾ ਸਾਹਮਣਾ ਕਰਨਾ ਪਿਆ।

ਪਿਛਲੇ ਹਫਤੇ ਤਾਈਪੇ ਓਪਨ ਦਾ ਉਪ-ਜੇਤੂ ਰਹਿਣ ਵਾਲੀ ਤਨਵੀ ਸ਼ਰਮਾ ਨੇ ਅੰਤ ਇੱਥੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਿਆ ਅਤੇ ਇਕ ਆਲ-ਇੰਡੀਅਨ ਪ੍ਰੀ-ਕੁਆਰਟਰ ਫਾਈਨਲ 'ਚ ਸ਼੍ਰਿਆਂਸ਼ੀ ਵਾਲਿਸ਼ੇਟੀ ਨੂੰ 21-16, 17-21, 21-13 ਨਾਲ ਹਰਾਇਆ।

ਪਹਿਲੀ ਗੇਮ 'ਚ 11-7 ਨਾਲ ਪੱਛੜਨ ਤੋਂ ਬਾਅਦ ਤਨਵੀ ਸ਼ਰਮਾ ਨੇ ਤੇਜ਼ ਮੂਵਮੈਂਟ ਅਤੇ ਅਟੈਕਿੰਗ ਸਟ੍ਰੋਕਸ ਰਾਹੀਂ ਮੈਚ 'ਤੇ ਦੁਬਾਰਾ ਪਕੜ ਬਣਾਈ ਅਤੇ ਲਗਾਤਾਰ ਅੰਕ ਹਾਸਲ ਕਰਦੇ ਹੋਏ ਪਹਿਲੀ ਗੇਮ ਆਪਣੇ ਨਾਂ ਕੀਤੀ। ਸ਼੍ਰਿਆਂਸ਼ੀ ਵਾਲਿਸ਼ੇਟੀ ਨੇ ਦੂਜੀ ਗੇਮ 'ਚ ਵਾਪਸੀ ਕਰਦਿਆਂ ਇੰਟਰਵਲ ਤੱਕ 11-6 ਦੀ ਬੜ੍ਹਤ ਬਣਾ ਲਈ। ਤਨਵੀ ਸ਼ਰਮਾ ਨੇ ਫਰਕ ਘੱਟ ਕਰ ਕੇ ਸਕੋਰ 16-17 ਤੱਕ ਪਹੁੰਚਾਇਆ ਪਰ ਵਾਪਸੀ ਦੀ ਉਮੀਦ ਜਗਾਈ ਪਰ ਸ਼੍ਰਿਆਂਸ਼ੀ ਵਾਲਿਸ਼ੇਟੀ ਨੇ ਸੰਜਮ ਬਣਾ ਕੇ ਰੱਖਦਿਆਂ ਦੂਜਾ ਗੇਮ ਜਿੱਤਿਆ ਅਤੇ ਮੁਕਾਬਲੇ ਨੂੰ ਫੈਸਲਾਕੁੰਨ ਗੇਮ ਤੱਕ ਪਹੁੰਚਾਇਆ। ਹਾਲਾਂਕਿ, ਫੈਸਲਾਕੁੰਨ ਗੇਮ 'ਚ ਤਨਵੀ ਸ਼ਰਮਾ ਸ਼ੁਰੂ ਤੋਂ ਹੀ ਹਾਵੀ ਰਹੀ। ਉਸ ਨੇ ਇੰਟਰਵਲ ਤੱਕ 11-9 ਦੀ ਬੜ੍ਹਤ ਬਣਾਈ ਅਤੇ ਫਿਰ ਫੈਸਲਾਕੁੰਨ ਰੂਪ 'ਚ ਅੱਗੇ ਨਿਕਲ ਗਈ ਅਤੇ 57 ਮਿੰਟ 'ਚ ਜਿੱਤ ਪੱਕੀ ਕਰਨ ਦੇ ਰਸਤੇ 'ਚ ਸਿਰਫ 4 ਹੋਰ ਪੁਆਇੰਟ ਗੁਆਏ।

ਭਾਰਤ ਦੀ ਅਸ਼ਮਿਤਾ ਚਾਲਿਹਾ ਅਤੇ ਰਕਸ਼ਿਤਾ ਰਾਮਰਾਜ ਵੀ ਮਹਿਲਾ ਸਿੰਗਲਜ਼ ਦੇ ਕੁਆਰਟਰ ਫਾਈਨਲ 'ਚ ਤਨਵੀ ਸ਼ਰਮਾ ਨਾਲ ਸ਼ਾਮਲ ਹੋ ਗਈਆਂ। ਅਸ਼ਮਿਤਾ ਚਾਲਿਹਾ ਨੇ ਘਰੇਲੂ ਖਿਡਾਰੀ ਕਿਮ ਮਿਨ-ਜੀ ਨੂੰ ਹਰਾਇਆ, ਜਦਕਿ ਰਕਸ਼ਿਤਾ ਰਾਮਰਾਜ ਨੇ ਜਾਪਾਨ ਦੀ ਮਨਾਮੀ ਸੁਇਜ਼ੂ ਨੂੰ ਹਰਾਇਆ। ਉੱਥੇ ਹੀ ਸਟਾਰ ਖਿਡਾਰੀ ਅਨਮੋਲ ਖਰਬ ਦਾ ਸਫਰ ਪ੍ਰੀ-ਕੁਆਰਟਰ ਫਾਈਨਲ 'ਚ ਸਖਤ ਮੁਕਾਬਲੇ ਤੋਂ ਬਾਅਦ 3 ਗੇਮ 'ਚ ਹਾਰ ਨਾਲ ਖਤਮ ਹੋ ਗਿਆ।

ਮਹਿਲਾ ਸਿੰਗਲਜ਼ ਬੈਡਮਿੰਟਨ ਰੈਂਕਿੰਗ 'ਚ 45ਵੇਂ ਸਥਾਨ 'ਤੇ ਮੌਜੂਦ ਅਨਮੋਲ ਖਰਬ, ਵੀਅਤਨਾਮ ਦੀ ਓਲੰਪੀਅਨ ਥੂ ਥੀ ਟ੍ਰਾਂਗ ਤੋਂ ਹਾਰ ਕੇ ਟੂਰਨਾਮੈਂਟ ਤੋਂ ਬਾਹਰ ਹੋ ਗਈ। ਇਸ਼ਰਾਨੀ ਬਰੂਆ ਨੂੰ ਦੱਖਣੀ ਕੋਰੀਆ ਦੀ ਕਿਮ ਮਿਨ-ਸਿਓਨ ਤੋਂ ਸਿੱਧੀ ਗੇਮ 'ਚ ਹਾਰ ਦਾ ਸਾਹਮਣਾ ਕਰਨਾ ਪਿਆ, ਜਦਕਿ ਮਾਨਸੀ ਸਿੰਘ ਨੂੰ ਚੀਨ ਦੀ 4ਥੀ ਦਰਜਾਬੰਦੀ ਪ੍ਰਾਪਤ ਖਿਡਾਰੀ ਹਾਨ ਕਿਆਨਸ਼ੀ ਤੋਂ ਹਾਰ ਮਿਲੀ।

ਖਾਇਦੇਮ ਚਾਨੂ ਜੂਨੀਅਰ ਏਸ਼ੀਆ ਕੱਪ 'ਚ ਭਾਰਤੀ ਮਹਿਲਾ ਹਾਕੀ ਟੀਮ ਦੀ ਕਪਤਾਨ

ਨਵੀਂ ਦਿੱਲੀ, 6 ਅਗਸਤ (ਏਜੰਸੀ)- ਮਿਡਫੀਲਡਰ ਸ਼ੈਲੀਮਾ ਚਾਨੂ ਚੀਨ ਦੇ ਕੌਂਗੇ 'ਚ 30 ਅਗਸਤ ਤੋਂ 13 ਸਤੰਬਰ ਤੱਕ ਹੋਣ ਵਾਲੇ ਜੂਨੀਅਰ ਏਸ਼ੀਆ ਕੱਪ 'ਚ ਭਾਰਤ ਦੀ 18 ਮੈਂਬਰੀ ਜੂਨੀਅਰ ਮਹਿਲਾ ਟੀਮ ਦੀ ਕਪਤਾਨੀ ਕਰੇਗੀ। ਟੂਰਨਾਮੈਂਟ ਤੋਂ ਪਹਿਲਾਂ ਭਾਰਤੀ ਟੀਮ ਹਾਲ ਹੀ 'ਚ ਬ੍ਰਿਟੇਨ ਦੌਰੇ ਤੋਂ ਪਰਤੀ ਹੈ। ਏਸ਼ੀਆ ਕੱਪ 'ਚ ਭਾਰਤ ਦਾ ਪ੍ਰੋਗਰਾਮ ਪੂਲ ਦੀ ਜਾਣਕਾਰੀ ਟੂਰਨਾਮੈਂਟ ਸ਼ੁਰੂ ਹੋਣ ਦੇ ਆਸ-ਪਾਸ ਦਿੱਤੀ ਜਾਵੇਗੀ।

ਮੁੱਖ ਕੋਚ ਤੁਸ਼ਾਰ ਖਾਂਡੇਕਰ ਨੇ ਕਿਹਾ, "ਇਨ੍ਹਾਂ ਯੁਵਾ ਖਿਡਾਰੀਆਂ ਨੇ ਕੈਂਪ 'ਚ ਜਗ੍ਹਾ ਬਣਾਉਣ ਲਈ ਜ਼ਬਰਦਸਤ ਸਮਰਪਣ ਦਿਖਾਇਆ ਹੈ, ਮੈਨੂੰ ਉਸ 'ਤੇ ਮਾਣ ਹੈ। ਪਿਛਲੇ ਕੁਝ ਮਹੀਨਿਆਂ 'ਚ ਉਸ ਨੇ ਸਖ਼ਤ ਮਿਹਨਤ ਕੀਤੀ ਹੈ ਅਤੇ ਉਸ ਦਾ ਫਲ ਉਹ ਹਾਸਲ ਕਰੇਗੀ।"

ਟੀਮ : ਗੋਲਕੀਪਰ : ਨਿਧੀ, ਹਰਸਤਪ੍ਰੀਤ ਕੌਰ। **ਡਿਫੈਂਡਰ :** ਪੂਜਾ ਸਾਹੂ, ਸੁਨੇਲਿਤਾ ਟੋਪੋ, ਪੂਜਾ ਮਲਿਕ, ਪ੍ਰਿਯੰਕਾ ਯਾਦਵ, ਸੁਖਵੀਰ ਕੌਰ, ਮਮਿਤਾ ਓਰਾਮ। **ਮਿਡਫੀਲਡਰ :** ਖਾਇਦੇਮ ਸ਼ੈਲੀਮਾ ਚਾਨੂ (ਕਪਤਾਨ), ਤਨੂਜਾ ਟੋਪੋ, ਬਿਨੀਮਾ ਧਨ, ਰੋਸ਼ਨੀ ਇੰਦ, ਗੀਤਾ ਯਾਦਵ। **ਫਾਰਵਰਡ :** ਲਾਲਰਿਨਪੁਈ, ਪੂਰਨਿਮਾ ਯਾਦਵ, ਕਨਿਕਾ ਸਿਵਾਚ, ਹਿਨਾ ਬਾਨੋ, ਸ਼ਿਲਪਾ ਸ਼ਰਮਾ, ਸਾਨਿਕਾ ਮਾਨੇ, ਮਧੂ ਸਿਦਾਰ। **ਰਿਜ਼ਰਵ :** ਐੱਚ. ਲਾਲਥਿਆਨਕਿਮਾਮੀ, ਤਨਸ਼੍ਰੀ ਕਾਦੂ।

ਖੂਨ ਵਿਚ ਪਹੁੰਚ ਰਹੇ ਮਾਈਕ੍ਰੋਪਲਾਸਟਿਕ, ਦਿਲ ਦੀ ਸਿਹਤ 'ਤੇ ਨਵਾਂ ਖਤਰਾ

ਨਵੀਂ ਦਿੱਲੀ, 7 ਅਗਸਤ (ਇੰਟ.)- ਮਾਈਕ੍ਰੋਪਲਾਸਟਿਕ ਅਤੇ ਨੈਨੋਪਲਾਸਟਿਕ ਹੁਣ ਸਿਰਫ ਸਮੁੰਦਰ, ਹਵਾ ਅਤੇ ਭੋਜਨ ਤੱਕ ਸੀਮਤ ਨਹੀਂ ਰਹੇ। ਇਕ ਨਵੇਂ ਅਧਿਐਨ ਵਿਚ ਵਿਗਿਆਨੀਆਂ ਨੇ ਖੋਜਿਆ ਹੈ ਕਿ ਇਹ ਸੂਖਮ ਪਲਾਸਟਿਕ ਕਣ ਇਨਸਾਨਾਂ ਦੇ ਖੂਨ ਤੱਕ ਪਹੁੰਚ ਰਹੇ ਹਨ।

ਖੋਜ ਵਿਚ ਹਾਰਟ ਅਟੈਕ ਦੇ ਮਰੀਜ਼ਾਂ ਦੇ ਖੂਨ ਵਿਚ ਇਨ੍ਹਾਂ ਕਣਾਂ ਦੀ ਮੌਜੂਦਗੀ ਆਮ ਲੋਕਾਂ ਦੀ ਤੁਲਨਾ ਵਿਚ ਵਧੇਰੇ ਪਾਈ ਗਈ ਹੈ। ਹਾਲਾਂਕਿ ਵਿਗਿਆਨੀਆਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਅਧਿਐਨ ਦੋਵਾਂ ਦੇ ਵਿਚਕਾਰ ਸਿੱਧਾ ਕਾਰਨ-ਪਰਿਣਾਮ ਸਬੰਧ ਸਾਬਤ ਨਹੀਂ ਕਰਦਾ।



ਹਾਰਟ ਅਟੈਕ ਦੇ ਮਰੀਜ਼ਾਂ ਵਿਚ ਜ਼ਿਆਦਾ ਮਿਲੇ ਕਣ

ਇਟਲੀ ਦੇ ਖੋਜੀਆਂ ਵਲੋਂ ਕੀਤੇ ਗਏ ਅਧਿਐਨ ਵਿਚ ਕੋਰੋਨਰੀ ਐਂਜੀਓਗ੍ਰਾਫੀ ਕਰਵਾਉਣ ਵਾਲੇ ਮਰੀਜ਼ਾਂ ਦੇ ਖੂਨ ਦੇ ਨਮੂਨਿਆਂ ਦੀ ਜਾਂਚ ਕੀਤੀ ਗਈ। ਇਸ ਵਿਚ ਹਾਰਟ ਅਟੈਕ ਝੱਲ ਚੁੱਕੇ ਮਰੀਜ਼ਾਂ ਵਿਚ ਮਾਈਕ੍ਰੋਪਲਾਸਟਿਕ ਅਤੇ ਨੈਨੋਪਲਾਸਟਿਕ ਦੀ ਮੌਜੂਦਗੀ ਆਮ ਮਰੀਜ਼ਾਂ ਦੀ ਤੁਲਨਾ ਵਿਚ ਕਿਤੇ ਵੱਧ ਦਰਜ ਕੀਤੀ ਗਈ।

ਸਿਗਰਟਨੋਸ਼ੀ ਨੂੰ ਮੰਨਿਆ ਗਿਆ ਸੰਭਾਵਿਤ ਕਾਰਨ

ਖੋਜੀਆਂ ਦਾ ਕਹਿਣਾ ਹੈ ਕਿ ਸਿਗਰਟਨੋਸ਼ੀ ਕਰਨ ਵਾਲਿਆਂ ਦੇ ਸਰੀਰ ਵਿਚ ਮਾਈਕ੍ਰੋਪਲਾਸਟਿਕ ਪਹੁੰਚਣ ਦੀ ਸੰਭਾਵਨਾ ਕਈ ਗੁਣਾ ਵਧੇਰੇ ਹੋ ਸਕਦੀ ਹੈ। ਸਿਗਰਟ ਦੇ ਧੂੰਏਂ ਨਾਲ ਬੇਹੱਦ ਸੂਖਮ ਕਣ ਫੇਫੜਿਆਂ ਤੱਕ ਪਹੁੰਚਦੇ ਹਨ ਅਤੇ ਉੱਥੋਂ ਰਕਤ ਪ੍ਰਵਾਹ ਵਿਚ ਪ੍ਰਵੇਸ਼ ਕਰ ਸਕਦੇ ਹਨ। ਹਾਲਾਂਕਿ ਇਸ 'ਤੇ ਅਜੇ ਹੋਰ ਵਿਸਥਾਰਤ ਖੋਜ ਦੀ ਲੋੜ ਹੈ।

ਅਜੇ ਨਹੀਂ ਮਿਲਿਆ ਸਿੱਧਾ ਪ੍ਰਮਾਣ

ਵਿਗਿਆਨੀਆਂ ਨੇ ਸਪੱਸ਼ਟ ਕੀਤਾ ਕਿ ਇਹ ਅਧਿਐਨ ਸਿਰਫ ਇਕ ਸਬੰਧ ਵੱਲ ਇਸ਼ਾਰਾ ਕਰਦਾ ਹੈ। ਇਸ ਨਾਲ ਇਹ ਸਾਬਤ ਨਹੀਂ ਹੁੰਦਾ ਕਿ ਮਾਈਕ੍ਰੋਪਲਾਸਟਿਕ ਸਿੱਧੇ ਤੌਰ 'ਤੇ ਦਿਲ ਦੀ ਬਿਮਾਰੀ ਜਾਂ ਹਾਰਟ ਅਟੈਕ ਦਾ ਕਾਰਨ ਬਣਦੇ ਹਨ। ਇਸ ਵਿਸ਼ੇ 'ਤੇ ਵੱਡੇ ਪੱਧਰ 'ਤੇ ਅਤੇ ਲੰਬੇ ਸਮੇਂ ਦੇ ਅਧਿਐਨ ਦੀ ਲੋੜ ਹੈ।

ਮਾਈਕ੍ਰੋਪਲਾਸਟਿਕ ਕਿਵੇਂ ਪਹੁੰਚਦੇ ਹਨ ਸਰੀਰ ਅੰਦਰ

ਮਾਹਿਰਾਂ ਅਨੁਸਾਰ ਮਾਈਕ੍ਰੋਪਲਾਸਟਿਕ ਹਵਾ ਵਿਚ ਮੌਜੂਦ ਧੂੜ, ਪੀਣ ਵਾਲੇ ਪਾਣੀ, ਭੋਜਨ, ਸਮੁੰਦਰੀ ਖਾਧ ਪਦਾਰਥਾਂ ਅਤੇ ਪਲਾਸਟਿਕ ਉਤਪਾਦਾਂ ਦੇ ਜ਼ਰੀਏ ਸਰੀਰ ਵਿਚ ਪ੍ਰਵੇਸ਼ ਕਰ ਸਕਦੇ ਹਨ। ਇਕ ਵਾਰ ਸਰੀਰ ਵਿਚ ਪਹੁੰਚਣ ਤੋਂ ਬਾਅਦ ਇਹ ਖੂਨ ਜ਼ਰੀਏ ਵੱਖ-ਵੱਖ ਅੰਗਾਂ ਤੱਕ ਪਹੁੰਚ ਸਕਦੇ ਹਨ।

ਕੀ ਹੈ ਮਾਹਿਰਾਂ ਦੀ ਸਲਾਹ

ਮਾਹਿਰਾਂ ਦਾ ਮੰਨਣਾ ਹੈ ਕਿ ਹਵਾ ਪ੍ਰਦੂਸ਼ਣ, ਸਿਗਰਟਨੋਸ਼ੀ ਅਤੇ ਪਲਾਸਟਿਕ ਪ੍ਰਦੂਸ਼ਣ ਵਰਗੇ ਜੋਖਮਾਂ ਨੂੰ ਘੱਟ ਕਰਨਾ ਦਿਲ ਦੀ ਸਿਹਤ ਲਈ ਜ਼ਰੂਰੀ ਹੈ। ਪਲਾਸਟਿਕ ਦੀ ਫਜ਼ੂਲ ਵਰਤੋਂ ਤੋਂ ਬਚਣਾ, ਸਾਫ਼ ਵਾਤਾਵਰਣ ਵਿਚ ਰਹਿਣਾ ਅਤੇ ਸਿਗਰਟਨੋਸ਼ੀ ਤੋਂ ਦੂਰੀ ਬਣਾਉਣਾ ਲੰਬੇ ਸਮੇਂ ਲਈ ਸਿਹਤ ਵਾਸਤੇ ਲਾਹੇਵੰਦ ਹੋ ਸਕਦਾ ਹੈ।

ਯੂਕ੍ਰੇਨ ਦੇ ਡਰੋਨ ਹਮਲੇ 'ਚ ਰੂਸ ਦੀ ਰਿਟੇਲ ਕੰਪਨੀ ਦੇ ਗੋਦਾਮ 'ਚ ਲੱਗੀ ਅੱਗ

ਮਾਸਕੋ, 7 ਅਗਸਤ (ਏਜੰਸੀ)- ਯੂਕ੍ਰੇਨ ਨੇ ਲੰਬੀ ਦੂਰੀ ਤੱਕ ਮਾਰ ਕਰਨ ਵਾਲੇ ਡਰੋਨ ਨਾਲ ਯੂਰਾਲ ਪਹਾੜੀ ਖੇਤਰ ਵਿਚ ਰੂਸ ਦੀ ਸਭ ਤੋਂ ਵੱਡੀ ਆਨਲਾਈਨ ਰਿਟੇਲ ਕੰਪਨੀ ਦੇ ਇਕ ਗੋਦਾਮ ਨੂੰ ਨਿਸ਼ਾਨਾ ਬਣਾਇਆ। ਸਥਾਨਕ ਅਧਿਕਾਰੀਆਂ ਅਤੇ ਕੰਪਨੀ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਸਥਾਨ ਦੋਵਾਂ ਦੇਸ਼ਾਂ ਦੀ ਸਰਹੱਦ ਤੋਂ 2,000 ਕਿਲੋਮੀਟਰ ਤੋਂ ਵੀ ਵੱਧ ਦੂਰ ਹੈ। ਯੂਕ੍ਰੇਨ ਨੇ ਇਸ ਸਾਲ ਯੂਰਾਲ ਖੇਤਰ ਵਿਚ ਕਈ ਦੂਰ-ਦੁਰਾਡੇ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ। ਯੂਕ੍ਰੇਨ ਨੇ ਇਸ ਤੋਂ ਪਹਿਲਾਂ ਪੱਛਮੀ ਸਾਇਬੇਰੀਆ ਵਿਚ ਰੂਸ ਦੀ ਇਕ ਤੇਲ ਰਿਫਾਇਨਰੀ 'ਤੇ ਵੀ ਹਮਲਾ ਕੀਤਾ ਸੀ, ਜੋ ਸਰਹੱਦ ਤੋਂ ਲਗਭਗ 2,500 ਕਿਲੋਮੀਟਰ ਦੂਰ ਹੈ। ਰੂਸ ਦੇ ਚੌਥੇ ਸਭ ਤੋਂ ਵੱਡੇ ਸ਼ਹਿਰ ਯੇਕਾਤੇਰਿਨਬਰਗ ਵਿਚ 'ਵਾਈਲਡਬੈਰੀਜ਼' ਕੰਪਨੀ ਦੇ ਇਕ ਗੋਦਾਮ ਵਿਚ ਹਮਲੇ ਕਾਰਨ ਅੱਗ ਲੱਗ ਗਈ। ਕੰਪਨੀ ਅਨੁਸਾਰ ਜ਼ਿਆਦਾਤਰ ਸਾਮਾਨ ਦਾ ਨੁਕਸਾਨ ਨਹੀਂ ਹੋਇਆ। ਹਾਲ ਹੀ ਦੇ ਹਫ਼ਤਿਆਂ ਵਿਚ ਯੂਕ੍ਰੇਨ ਦੇ ਹਮਲਿਆਂ ਦੀ ਲਪਟ ਵਿਚ ਆਏ 'ਵਾਈਲਡਬੈਰੀਜ਼' ਦੇ ਇਕ ਦਰਜਨ ਤੋਂ ਵੱਧ ਗੋਦਾਮ ਸੜ ਕੇ ਸੁਆਹ ਹੋ ਚੁੱਕੇ ਹਨ। ਯੂਕ੍ਰੇਨ ਇਨ੍ਹਾਂ ਹਮਲਿਆਂ ਜ਼ਰੀਏ ਰੂਸ ਦੀ ਜਨਤਾ ਅਤੇ ਸਰਕਾਰ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਖੇਤਰੀ ਗਵਰਨਰ ਡੈਨਿਸ ਪਾਸਲਰ ਨੇ ਦੱਸਿਆ ਕਿ ਤਿੰਨ ਡਰੋਨਾਂ ਨੇ ਗੋਦਾਮ ਦੀ ਛੱਤ ਨੂੰ ਨਿਸ਼ਾਨਾ ਬਣਾਇਆ। ਅਧਿਕਾਰੀਆਂ ਅਨੁਸਾਰ ਗੋਦਾਮ ਤੋਂ 800 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਅਤੇ ਇਸ ਘਟਨਾ ਵਿਚ ਕੋਈ ਜ਼ਖਮੀ ਨਹੀਂ ਹੋਇਆ।

ਸ਼੍ਰੀਲੰਕਾ ਦੀਆਂ ਜੇਲਾਂ ਵਿਚ ਫਿਰ ਭਿੜੇ ਕੈਦੀ, 3 ਦੀ ਮੌਤ, 23 ਜ਼ਖਮੀ

ਕੋਲੰਬੋ, 7 ਅਗਸਤ (ਏਜੰਸੀ)- ਸ਼੍ਰੀਲੰਕਾ ਦੀਆਂ ਦੋ ਜੇਲਾਂ ਵਿਚ ਪਿਛਲੇ 24 ਘੰਟਿਆਂ ਦੌਰਾਨ ਹੋਈਆਂ ਝੜਪਾਂ ਵਿਚ 3 ਕੈਦੀਆਂ ਦੀ ਮੌਤ ਹੋ ਗਈ ਅਤੇ 23 ਹੋਰ ਵਿਅਕਤੀ ਜ਼ਖਮੀ ਹੋ ਗਏ। ਸ਼੍ਰੀਲੰਕਾ ਵਿਚ ਪਿਛਲੇ ਇਕ ਮਹੀਨੇ ਦੌਰਾਨ ਜੇਲਾਂ ਵਿਚ ਹਿੰਸਾ ਦੀਆਂ ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਜਨਤਕ ਸੁਰੱਖਿਆ ਮੰਤਰੀ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਦੇ ਪਿੱਛੇ ਸੰਗਠਿਤ ਸਾਜ਼ਿਸ਼ ਦਾ ਹਿੱਸਾ ਹੋਣ ਦਾ ਖਦਸ਼ਾ ਹੈ। ਕੋਲੰਬੋ ਤੋਂ ਲਗਭਗ 60 ਕਿਲੋਮੀਟਰ ਦੱਖਣ-ਪੂਰਬ ਵਿਚ ਸਥਿਤ ਕਰੂਵਿਟਾ ਜੇਲ ਵਿਚ ਸ਼ੁੱਕਰਵਾਰ ਨੂੰ ਹੋਈ ਝੜਪ ਵਿਚ 2 ਕੈਦੀਆਂ ਦੀ ਮੌਤ ਹੋ ਗਈ, ਜਦੋਂ ਕਿ 13 ਹੋਰ ਜ਼ਖਮੀ ਹੋ ਗਏ। ਜ਼ਖਮੀਆਂ ਦਾ ਇਲਾਜ ਰਤਨਪੁਰਾ ਹਸਪਤਾਲ ਵਿਚ ਚੱਲ ਰਿਹਾ ਹੈ। ਇਸ ਘਟਨਾ ਤੋਂ ਕੁਝ ਘੰਟੇ ਪਹਿਲਾਂ ਕੋਲੰਬੋ ਦੀ ਮੈਗਜ਼ੀਨ ਜੇਲ ਵਿਚ ਵੀ ਇਸ ਤਰ੍ਹਾਂ ਦੀ ਤਣਾਅਪੂਰਨ ਸਥਿਤੀ ਪੈਦਾ ਹੋਈ ਸੀ। ਇਨ੍ਹਾਂ ਘਟਨਾਵਾਂ ਤੋਂ ਪਹਿਲਾਂ ਪੰਜ ਅਤੇ ਛੇ ਜੁਲਾਈ ਨੂੰ ਨੇਗੋਂਬੋ ਜੇਲ ਵਿਚ ਵੀ ਇਸ ਤਰ੍ਹਾਂ ਦੀ ਹਿੰਸਾ ਵਿਚ 33 ਲੋਕਾਂ ਦੀ ਮੌਤ ਹੋ ਗਈ ਸੀ।

ਦਮਿਸ਼ਕ ਵਿਚ ਬੱਸ 'ਚ ਹੋਏ ਧਮਾਕੇ ਦੌਰਾਨ 14 ਜ਼ਖਮੀ

ਜਰਮਾਨਾ, 7 ਅਗਸਤ (ਏਜੰਸੀ)- ਸੀਰੀਆ ਦੀ ਰਾਜਧਾਨੀ ਦਮਿਸ਼ਕ ਦੇ ਇਕ ਉਪ-ਨਗਰ ਵਿਚ ਵੀਰਵਾਰ ਨੂੰ ਇਕ ਬੱਸ ਵਿਚ ਹੋਏ ਧਮਾਕੇ 'ਚ 14 ਵਿਅਕਤੀ ਜ਼ਖਮੀ ਹੋ ਗਏ, ਜਿਨ੍ਹਾਂ ਵਿਚੋਂ 3 ਦੀ ਹਾਲਤ ਗੰਭੀਰ ਹੈ। ਮੰਤਰਾਲਾ ਨੇ ਕਿਹਾ ਕਿ ਇਸ ਘਟਨਾ ਵਿਚ ਕਿਸੇ ਦੀ ਮੌਤ ਨਹੀਂ ਹੋਈ ਹੈ। ਹਾਲਾਂਕਿ ਸਿਹਤ ਮੰਤਰਾਲਾ ਨੇ ਵੀਰਵਾਰ ਰਾਤ ਨੂੰ ਦੱਸਿਆ ਸੀ ਕਿ ਧਮਾਕੇ ਵਿਚ 2 ਲੋਕਾਂ ਦੀ ਮੌਤ ਹੋਈ ਹੈ। ਸ਼ੁੱਕਰਵਾਰ ਨੂੰ ਜਾਰੀ ਇਕ ਬਿਆਨ ਵਿਚ ਮੰਤਰਾਲਾ ਨੇ ਕਿਹਾ ਕਿ ਮਲਬੇ 'ਚੋਂ ਬਰਾਮਦ ਤਿੰਨ ਕੱਟੇ ਹੋਏ ਅੰਗਾਂ ਦੇ ਆਧਾਰ 'ਤੇ ਮੌਤ ਦਾ ਅੰਦਾਜ਼ਾ ਗਲਤ ਤਰੀਕੇ ਨਾਲ ਦਰਜ ਕਰ ਲਿਆ ਗਿਆ ਸੀ। ਬਿਆਨ ਅਨੁਸਾਰ ਜਾਂਚ ਤੋਂ ਬਾਅਦ ਇਹ ਪਤਾ ਲੱਗਿਆ ਕਿ ਇਹ ਅੰਗ ਜ਼ਿੰਦਾ ਬਚੇ ਮਰੀਜ਼ਾਂ ਦੇ ਹਨ, ਜਿਨ੍ਹਾਂ ਦੀ ਸਰਜਰੀ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜਰਮਾਨਾ ਵਿਚ ਧਮਾਕਾ ਇਕ ਮਿਨੀ ਵੈਨ ਟੈਕਸੀ ਵਿਚ ਲਗਾਏ ਗਏ ਵਿਸਫੋਟਕ ਉਪਕਰਣ (ਬੰਬ) ਕਾਰਨ ਹੋਇਆ। ਧਮਾਕੇ ਸਮੇਂ ਟੈਕਸੀ ਵਿਚ ਯਾਤਰੀ ਸਵਾਰ ਸਨ। 'ਜਿਨਸ਼ਰ ਅੰਸਾਰ ਅਲ-ਸੁੰਨਾ' ਨਾਂ ਦੇ ਇਕ ਘੱਟ ਚਰਚਿਤ ਸਮੂਹ ਨੇ ਇਕ ਬਿਆਨ ਜਾਰੀ ਕਰ ਕੇ ਹਮਲੇ ਦੀ ਜ਼ਿੰਮੇਵਾਰੀ ਲੈਣ ਦਾ ਦਾਅਵਾ ਕੀਤਾ ਹੈ। ਸੀਰੀਆਈ ਅਧਿਕਾਰੀਆਂ ਨੇ ਬੰਬ ਧਮਾਕੇ ਦੇ ਮਾਮਲੇ ਵਿਚ ਹੁਣ ਤੱਕ ਕਿਸੇ ਦੀ ਗ੍ਰਿਫ਼ਤਾਰੀ ਜਾਂ ਜਾਂਚ ਦੇ ਨਤੀਜਿਆਂ ਦਾ ਐਲਾਨ ਨਹੀਂ ਕੀਤਾ ਹੈ।

ਇਟਲੀ 'ਚ ਅੱਤਵਾਦੀ ਸਬੰਧਾਂ ਤੇ ਕੱਟੜਪੰਥੀ ਪ੍ਰਚਾਰ ਦੇ ਦੋਸ਼ ਹੇਠ 16 ਸਾਲਾ ਨਾਬਾਲਿਗ ਗ੍ਰਿਫ਼ਤਾਰ

ਰੋਮ, 7 ਅਗਸਤ (ਕੈਂਥ)- ਇਟਲੀ ਪੁਲਸ ਨੇ ਅੱਤਵਾਦ ਵਿਰੋਧੀ ਮੁਹਿੰਮ ਤਹਿਤ ਕੋਮੋ ਦੇ 16 ਸਾਲਾ ਨਾਬਾਲਿਗ ਲੜਕੇ ਨੂੰ ਅੰਤਰਰਾਸ਼ਟਰੀ ਅੱਤਵਾਦੀ ਸੰਗਠਨ ਆਈ. ਐੱਸ. ਆਈ. ਐੱਸ. ਨਾਲ ਜੁੜਨ, ਜਿਹਾਦੀ ਤੇ ਨਵ-ਨਾਜ਼ੀ ਪ੍ਰਚਾਰ ਫੈਲਾਉਣ ਦੇ ਦੋਸ਼ ਹੇਠ ਗੁੰਸੋਏ ਤੋਂ ਗ੍ਰਿਫ਼ਤਾਰ ਕੀਤਾ ਹੈ। ਇਟਾਲਵੀ ਸੁਰੱਖਿਆ ਏਜੰਸੀ ਏ. ਆਈ. ਐੱਸ. ਆਈ. ਦੀ ਸੂਚਨਾ ਤੋਂ ਬਾਅਦ ਮਿਲਾਨ ਪੁਲਸ ਨੇ ਛਾਪੇਮਾਰੀ ਕਰ ਕੇ ਉਸ ਦੇ ਡਿਜੀਟਲ ਡਿਵਾਈਸਾਂ ਤੋਂ ਆਈ. ਐੱਸ. ਆਈ. ਐੱਸ. ਦਾ ਪ੍ਰਚਾਰ, ਫਾਂਸੀ ਦੀਆਂ ਵੀਡੀਓਜ਼ ਅਤੇ ਰੂਸੀ ਭਾਸ਼ਾ ਵਿਚ ਦੇਸੀ ਬੰਬ ਬਣਾਉਣ ਦੀ ਵੀਡੀਓ ਬਰਾਮਦ ਕੀਤੀ ਹੈ, ਜਿਸ ਤੋਂ ਉਸ ਦੀ ਪੂਰੀ ਤਰ੍ਹਾਂ ਕੱਟੜਪੰਥੀ ਹੋਣ ਦੀ ਪੁਸ਼ਟੀ ਹੋਈ ਹੈ।

ਇੰਡੀਅਨ ਬੈਂਕ Indian Bank ਇਲਾਹਾਬਾਦ ALLAHABAD

ਬ੍ਰਾਂਚ ਆਫਿਸ : ਇੰਡੀਅਨ ਬੈਂਕ, ਵਰਧਮਾਨ ਬ੍ਰਾਂਚ, ਲੁਧਿਆਣਾ

ਸਾਡੇ ਸਭ ਤੋਂ ਸਨਮਾਨਤ ਗਾਹਕਾਂ ਦੇ ਧਿਆਨ ਹਿੱਤ

ਗਾਹਕਾਂ ਪ੍ਰਤੀ ਆਪਣੀਆਂ ਸੇਵਾਵਾਂ ਨੂੰ ਇਕਸਾਰ ਤੇ ਮਜ਼ਬੂਤ ਕਰਨ ਦੀ ਸਾਡੀ ਕੋਸ਼ਿਸ਼ ਤਹਿਤ ਹੇਠਾਂ ਦੱਸੀ ਬ੍ਰਾਂਚ ਮਿਤੀ 17.08.2026 ਤੋਂ ਨਵੇਂ ਪਤੇ 'ਤੇ ਕੰਮ ਕਰੇਗੀ ਅਤੇ ਹਰ ਕਿਸਮ ਦੇ ਬੈਂਕਿੰਗ ਕਾਰੋਬਾਰ ਨਵੇਂ ਪਤੇ 'ਤੇ ਕਰੇਗੀ।

ਬ੍ਰਾਂਚ ਦਾ ਨਾਂ	ਮੌਜੂਦਾ ਪਤਾ	ਨਵਾਂ ਪਤਾ
ਇੰਡੀਅਨ ਬੈਂਕ, ਵਰਧਮਾਨ ਬ੍ਰਾਂਚ	ਇੰਡੀਅਨ ਬੈਂਕ, ਚੰਡੀਗੜ੍ਹ ਰੋਡ, ਲੁਧਿਆਣਾ	4203, ਐਂਟਪੁਰਾ, ਚੰਡੀਗੜ੍ਹ ਰੋਡ, ਲੁਧਿਆਣਾ

ਅਸੀਂ ਆਪਣੀ ਬ੍ਰਾਂਚ ਦੇ ਸਾਰੇ ਲਾਕਰ ਧਾਰਕ ਗਾਹਕਾਂ ਨੂੰ [illegible] 14.08.2026 [illegible]

ਮਿਤੀ : 07.08.2026 ਸਥਾਨ : ਲੁਧਿਆਣਾ ਬ੍ਰਾਂਚ ਮੈਨੇਜਰ

ਕੰਡਮ ਸਾਮਾਨ ਸੰਬੰਧੀ ਟੈਂਡਰ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿਵਲ ਹਸਪਤਾਲ, ਫਗਵਾੜਾ ਵਿਚ ਕੰਡਮ ਸਾਮਾਨ ਦੀ ਨਿਲਾਮੀ ਕੀਤੀ ਜਾਣੀ ਹੈ। ਇੱਛੁਕ ਟੈਂਡਰਕਾਰ ਮਿਤੀ 12.08.2026 ਤੋਂ 24.08.2026 ਤੱਕ 500/- ਰੁਪਏ ਜਮ੍ਹਾ ਕਰਵਾ ਕੇ ਦਫ਼ਤਰ ਐੱਸ.ਐੱਮ.ਓ. ਸਿਵਲ ਹਸਪਤਾਲ, ਫਗਵਾੜਾ ਤੋਂ ਨਿਲਾਮੀ ਫਾਰਮ, ਸ਼ਰਤਾਂ ਸੰਬੰਧੀ ਦਸਤਾਵੇਜ਼ ਪ੍ਰਾਪਤ ਕਰ ਸਕਦਾ ਹੈ ਅਤੇ ਆਪਣੀ ਫਾਰਮ ਦੇ ਰੇਟ ਸੀਲਬੰਦ ਲਿਫਾਫੇ ਵਿਚ 10,000/- ਰੁਪਏ ਦਾ ਡਿਮਾਂਡ ਡਰਾਫਟ ਰਾਸ਼ੀ ਅਤੇ ਫਾਰਮ ਦੇ ਜ਼ਰੂਰੀ ਦਸਤਾਵੇਜ਼ ਦੇ ਨਾਲ ਮਿਤੀ 24.08.2026 ਨੂੰ ਦੁਪਹਿਰ 02.00 ਵਜੇ ਤੱਕ ਐੱਸ.ਐੱਮ.ਓ. ਸਿਵਲ ਹਸਪਤਾਲ, ਫਗਵਾੜਾ ਦੇ ਦਫ਼ਤਰ ਵਿਚ ਜਮ੍ਹਾ ਕਰਵਾ ਸਕਦਾ ਹੈ। ਫਰਮਾਂ ਨੂੰ ਹੁਕਮ ਦਿੱਤੇ ਜਾਂਦੇ ਹਨ ਕਿ ਉਹ ਟੈਂਡਰ ਫਾਰਮ ਵਿਚ ਦਰਜ ਨਿਯਮ ਅਤੇ ਸ਼ਰਤਾਂ ਦੇ ਅਨੁਸਾਰ ਹੀ ਰੇਟ ਭਰੇ ਜਾਣ। ਸਾਰੀਆਂ ਫਰਮਾਂ ਦੁਆਰਾ ਪ੍ਰਾਪਤ ਟੈਂਡਰ ਮਿਤੀ 25.08.2026 ਨੂੰ ਦੁਪਹਿਰ 12.00 ਵਜੇ ਨਿਲਾਮਕਰਤਾ ਜੀ ਦੇ ਦਫ਼ਤਰ ਵਿਚ ਖੋਲ੍ਹੇ ਜਾਣਗੇ। ਜੇਕਰ ਟੈਂਡਰ ਖੁੱਲ੍ਹਣ ਦੀ ਮਿਤੀ 'ਤੇ ਸਰਕਾਰੀ ਛੁੱਟੀ ਹੁੰਦੀ ਹੈ ਤਾਂ ਇਹ ਕਾਰਵਾਈ ਅਗਲੇ ਕੰਮਕਾਜ ਵਾਲੇ ਦਿਨ ਕੀਤੀ ਜਾਵੇਗੀ।
ਨੋਟ :- ਕਮੇਟੀ ਪਾਸ ਟੈਂਡਰ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।

ਸਹੀ/- ਸੀਨੀਅਰ ਮੈਡੀਕਲ ਅਫ਼ਸਰ, ਇੰਚਾਰਜ ਸਿਵਲ ਹਸਪਤਾਲ, ਫਗਵਾੜਾ

COURT NOTICE
(U/o 5 Rule 20 CPC)

In the Court of Ms. Riffi Bhatti Civil Judge (Junior Division) Jagraon
Punjab and Sind Bank
Vs.
Gurnam Singh
CNR No: PBLDB0-001088-2023
Next Date: 24-08-2026
Publication issued to: 1B) Gurdev Kaur 1C) Barji Kaur 1D) Balveer Kaur 1E) Surjit Kaur 1F) Inderjeet Kaur 1G) Paramjit Kaur All D/o Baljinder Kaur W/o Gurnam Singh 1H) Avtar Singh 1I) Satnam Singh 1J) Balveer Singh All S/o Baljinder Kaur W/o Gurnam Singh All R/o H.No. 60, Village Bhundari, Tehsil Jagraon, Distt. Ludhiana
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 24-08-2026 at 10 am
For details logon to https://highcourtchd.gov.in/?trs=district_notice&district=Ludhiana
Sd/-Civil Judge (Junior Division) Jagraon
Dated, this day of 05-08-2026

ਦੀ ਬੁੱਢੇਵਾਲ ਸਹਿਕਾਰੀ ਖੰਡ ਮਿੱਲ ਲਿਮਟਿਡ, ਪਿੰਡ ਤੇ ਡਾਕਖਾਨਾ ਬੁੱਢੇਵਾਲ (ਜ਼ਿਲ੍ਹਾ ਲੁਧਿਆਣਾ)

ਈ-ਟੈਂਡਰ ਅਤੇ ਟੈਂਡਰ ਨੋਟਿਸ

ਸ਼ੂਗਰ ਮਿੱਲ ਲਈ ਮਸ਼ੀਨਰੀ ਪਾਰਟਸ/ਹੋਰ ਮਟੀਰੀਅਲ ਅਤੇ ਠੇਕੇ ਦੇ ਕੰਮਾਂ ਲਈ ਨੈਸ਼ਨਲ ਵੈਂਡਰਜ਼/ਐੱਨ.ਐੱਸ.ਆਈ.ਸੀ./ਐੱਸ.ਐੱਸ.ਆਈ., ਨਵੀਂ ਦਿੱਲੀ/ਸ਼ੂਗਰਫੈੱਡ, ਪੰਜਾਬ, ਚੰਡੀਗੜ੍ਹ ਦੁਆਰਾ ਪ੍ਰਮਾਣਿਤ ਪਾਰਟੀਆਂ, ਪ੍ਰਸਿੱਧ ਨਿਰਮਾਤਾਵਾਂ/ਅਧਿਕਾਰੀ ਸਟਾਕਿਸਟਾਂ/ਡਿਸਟ੍ਰੀਬਿਊਟਰਾਂ/ਠੇਕੇਦਾਰਾਂ ਤੋਂ ਈ-ਟੈਂਡਰਾਂ ਅਤੇ ਸੀਲ ਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।
ਈ-ਟੈਂਡਰ : ਸਾਲਾਨਾ ਆਈਟਮਜ਼ ਅਤੇ ਸ਼ੂਗਰ ਬੈਗ ਟੇਂਡਰਿੰਗ ਠੇਕਾ ਸੀਜ਼ਨ 2026-27
ਓ) ਆਮ ਦੀ ਖਰੀਦ ਸਬੰਧੀ
ਅ) ਠੇਕੇ ਦੇ ਕੰਮਾਂ ਸਬੰਧੀ
ਈ-ਟੈਂਡਰ ਦੇ ਫਾਰਮ ਪੰਜਾਬ ਦੀ ਵੈੱਬ-ਸਾਈਟ https://eproc.punjab.gov.in ਤੋਂ ਅਤੇ ਬਾਕੀ ਦੇ ਟੈਂਡਰ ਸਬੰਧੀ ਵਿਸਥਾਰਿਤ ਟੈਂਡਰ ਫਾਰਮ ਮਿੱਲ ਦੀ ਵੈੱਬ-ਸਾਈਟ www.budhewalsugar.com ਤੋਂ ਵੇਖੇ ਜਾ ਸਕਦੇ ਹਨ ਜਾਂ ਕੰਮ ਵਾਲੇ ਦਿਨ ਦਫ਼ਤਰ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਈ-ਟੈਂਡਰ ਅਤੇ ਸੀਲ ਬੰਦ ਟੈਂਡਰ ਪ੍ਰਾਪਤ ਕਰਨ ਅਤੇ ਖੋਲ੍ਹਣ ਦਾ ਸਮਾਂ ਹੇਠ ਲਿਖੇ ਅਨੁਸਾਰ ਹੈ:-

ਵੇਰਵਾ	ਈ-ਟੈਂਡਰ/ਸੀਲ ਬੰਦ ਟੈਂਡਰ ਪ੍ਰਾਪਤ ਕਰਨ ਦੀ ਆਖਰੀ ਮਿਤੀ ਅਤੇ ਸਮਾਂ	ਈ-ਟੈਂਡਰ/ਸੀਲ ਬੰਦ ਟੈਂਡਰ ਖੁੱਲ੍ਹਣ ਦੀ ਮਿਤੀ ਅਤੇ ਸਮਾਂ
ਈ-ਟੈਂਡਰ	28.08.2026, ਸਵੇਰੇ 10:00 ਵਜੇ	28.08.2026, ਸਵੇਰੇ 11:00 ਵਜੇ
ਓ ਅਤੇ ਅ (ਸੀਲ ਬੰਦ ਟੈਂਡਰ)	28.08.2026, ਸਵੇਰੇ 10:00 ਵਜੇ	28.08.2026, ਸਵੇਰੇ 11:00 ਵਜੇ

ਜੇਕਰ ਇਸ ਵਿਚ ਕੋਈ ਸੋਧ/ਤਬਦੀਲੀ ਹੁੰਦੀ ਹੈ ਤਾਂ ਉਸ ਨੂੰ ਪੰਜਾਬ ਸਰਕਾਰ ਦੀ ਵੈੱਬ-ਸਾਈਟ ਤੇ ਪਾ ਦਿੱਤਾ ਜਾਵੇਗਾ। ਜੇਕਰ ਈ-ਟੈਂਡਰ ਜਾਂ ਟੈਂਡਰ ਖੁੱਲ੍ਹਣ ਦੀ ਮਿਤੀ ਨੂੰ ਛੁੱਟੀ ਹੋਵੇ ਤਾਂ ਈ-ਟੈਂਡਰ ਜਾਂ ਟੈਂਡਰ ਅਗਲੇ ਕੰਮ ਵਾਲੇ ਦਿਨ ਉਸ ਸਮੇਂ 'ਤੇ ਖੋਲ੍ਹਿਆ ਜਾਵੇਗਾ। ਨਿਲਾਮਕਰਤਾ ਕੋਲ ਬਿਨਾਂ ਕੋਈ ਕਾਰਨ ਦੱਸੇ ਈ-ਟੈਂਡਰ ਨੂੰ ਰੱਦ ਕਰਨ ਜਾਂ ਮਨਜ਼ੂਰ ਕਰਨ ਦਾ ਅਧਿਕਾਰ ਰਾਖਵਾਂ ਹੈ।
ਮੋਬਾਈਲ ਨੰਬਰ: 62848-07939
97804-14549, 98157-01137
ਸਹੀ/- ਜਨਰਲ ਮੈਨੇਜਰ

ਦਫ਼ਤਰ ਵਧੀਕ ਡਿਪਟੀ ਕਮਿਸ਼ਨਰ ਕਮ ਮੈਰਿਜ ਅਫ਼ਸਰ ਪਟਿਆਲਾ

[illegible] MADUROLAAN 20 2496 RG 'S-GRAVENHAGE NEDERLAND [illegible] ਮਿਤੀ- 13.12.1993 [illegible]

ਮਿਤੀ 4/8/26 ਨੂੰ ਜਾਰੀ ਹੋਇਆ।
ਵਧੀਕ ਡਿਪਟੀ ਕਮਿਸ਼ਨਰ ਕਮ/ਮੈਰਿਜ ਅਫਸਰ ਪਟਿਆਲਾ

ਐੱਲ. ਆਈ. ਸੀ. ਹਾਊਸਿੰਗ ਫਾਇਨਾਂਸ ਲਿਮਟਿਡ

LIC HFL — LIC HOUSING FINANCE LTD — With you, for your dream home

ਐੱਸ. ਸੀ. ਐੱਫ. 4, ਪਹਿਲੀ ਮੰਜ਼ਿਲ, 100 ਫੁੱਟੀ ਰੋਡ, ਬਠਿੰਡਾ, ਪੰਜਾਬ-151001,
ਫੋਨ : 0164-5001224 ਤੇ 5001225

ਅਪੈਂਡਿਕਸ IV [ਰੂਲ-8(1)] ਸੰਕੇਤਕ ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਐੱਲ. ਆਈ. ਸੀ. ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਨਿਮਨਹਸਤਾਖਰੀ ਨੇ ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ (ਸੈਕੰਡ) ਆਰਡੀਨੈਂਸ, 2002 (ਆਰਡ. 3 ਆਫ 2002) ਤਹਿਤ ਅਤੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ-9 ਨਾਲ ਪੜ੍ਹੀ ਜਾਂਦੀ ਧਾਰਾ-13(12) ਤੋਂ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੇ ਅਨੁਸਾਰ ਇਕ ਡਿਮਾਂਡ ਨੋਟਿਸ ਜਾਰੀ ਕੀਤਾ ਸੀ ਅਤੇ ਕਰਜ਼ਦਾਰ (ਾਂ) ਨੂੰ ਨੋਟਿਸ ਵਿਚ ਦੱਸੀ ਰਕਮ ਜਮ੍ਹਾ ਵਿਆਜ ਤੇ ਹੋਰ ਚਾਰਜਿਜ਼ ਨੂੰ ਦੱਸੇ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਦੇ 60 ਦਿਨਾਂ ਅੰਦਰ ਚੁਕਾਉਣ ਦਾ ਸੱਦਾ ਦਿੱਤਾ ਸੀ।

ਕਰਜ਼ਦਾਰ/ਗਾਰੰਟਰ ਰਕਮ ਚੁਕਾਉਣ 'ਚ ਅਸਫਲ ਰਹੇ ਹਨ। ਇਸ ਲਈ ਕਰਜ਼ਦਾਰ/ਗਾਰੰਟਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦੱਸੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ-8 ਨਾਲ ਪੜ੍ਹੀ ਜਾਂਦੇ ਦੱਸੇ ਆਰਡੀਨੈਂਸ ਦੀ ਧਾਰਾ-13(4) ਤਹਿਤ ਉਸ ਨੂੰ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਹਰੇਕ ਖਾਤੇ ਸਾਹਮਣੇ ਦੱਸੀਆਂ ਮਿਤੀਆਂ ਨੂੰ ਲੈ ਲਿਆ ਹੈ।

ਕਰਜ਼ਦਾਰਾਂ/ਗਾਰੰਟਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਸਾਵਧਾਨ ਕੀਤਾ ਜਾਂਦਾ ਹੈ ਕਿ ਜਾਇਦਾਦ ਨਾਲ ਸਬੰਧਤ ਕੋਈ ਲੈਣ-ਦੇਣ ਨਾ ਕੀਤਾ ਜਾਵੇ ਅਤੇ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਹੋਣ 'ਤੇ ਦੱਸੇ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਦੇ 60 ਦਿਨਾਂ ਅੰਦਰ ਐੱਲ. ਆਈ. ਸੀ. ਹਾਊਸਿੰਗ ਫਾਇਨਾਂਸ ਲਿਮਟਿਡ ਦਾ ਹੇਠਾਂ ਦੱਸੀ ਇਕ ਰਕਮ+ਵਿਆਜ ਤੇ ਹੋਰ ਚਾਰਜਿਜ਼ ਦਾ ਚਾਰਜ ਲੱਗੇਗਾ।

ਕਰਜ਼ਦਾਰਾਂ ਦਾ ਧਿਆਨ ਸਕਿਓਰਡ ਅਸਾਸਿਆਂ ਦੀ ਵਾਪਸੀ ਲਈ ਮੁਹੱਈਆ ਸਮੇਂ ਦੇ ਮਾਮਲੇ 'ਚ ਐਕਟ ਦੀ ਧਾਰਾ-13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰ ਤੇ ਬ੍ਰਾਂਚ ਅਤੇ ਜਾਇਦਾਦ ਦੇ ਮਾਲਕ ਦਾ ਨਾਂ	ਮਾਰਟਗੇਜਡ ਜਾਇਦਾਦ ਦਾ ਵੇਰਵਾ (ਸਾਰਾ ਅਹਿਮ ਹਿੱਸਾ)	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ਾ ਨੋਟਿਸ ਦੀ ਮਿਤੀ	ਰਕਮ ਬਕਾਇਆ	ਸੰਕੇਤਕ ਕਬਜ਼ਾ/ਅਸਲ ਦਸਤੀ ਕਬਜ਼ਾ
ਮਨਪ੍ਰੀਤ ਸਿੰਘ (ਬਿਨੈਕਾਰ), ਮਨਪ੍ਰੀਤ ਕੌਰ (ਸਹਿ-ਬਿਨੈਕਾਰ), ਵਾਸੀ ਪਿੰਡ ਤੇ ਡਾਕਖਾਨਾ ਜੰਗੀ ਰਾਣਾ, ਬਠਿੰਡਾ, ਪੰਜਾਬ-151401 ਅਤੇ ਐੱਮ. ਸੀ. ਬੀ. ਜ਼ੈੱਡ. 8-01392, ਗਲੀ ਨੰ. 15-ਏ, ਭਾਈ ਮਤੀ ਦਾਸ ਨਗਰ, ਖਸਰਾ ਨੰ. 3537, ਪੱਟੀ ਮਹਿਣਾ, ਬਠਿੰਡਾ, ਪੰਜਾਬ-151001 ਅਤੇ ਬਾਦਲ ਸਿੰਘ (ਗਾਰੰਟਰ), ਵਾਸੀ ਪਿੰਡ ਕਲਿਆਣ ਸੁੱਖਾ, ਨੇੜੇ ਗੁਰਦੁਆਰਾ ਸਾਹਿਬ, ਬਠਿੰਡਾ, ਪੰਜਾਬ-151401। (ਲੋਨ ਅਕਾਊਂਟ ਨੰ. 312000003054)	ਐੱਮ. ਸੀ. ਬੀ. ਜ਼ੈੱਡ.-8/01382, ਗਲੀ ਨੰ. 15-ਏ, ਭਾਈ ਮਤੀ ਦਾਸ ਨਗਰ, ਵਾਕਿਆ ਰਕਬਾ ਪੱਟੀ ਮਹਿਣਾ, ਬਠਿੰਡਾ, ਪੰਜਾਬ-151001 ਵਿਖੇ ਸਥਿਤ 140 ਵਰਗ ਗਜ਼ ਦੇ ਪਲਾਟ ਰਕਬੇ ਵਾਲੀ ਜਾਇਦਾਦ ਦੀ ਇਕਵੀਟੇਬਲ ਮਾਰਟਗੇਜ ਦਾ ਸਾਰਾ ਅਹਿਮ ਹਿੱਸਾ, ਜਿਸ ਦੇ ਖਸਰਾ ਨੰ. 3537 ਮਿਨ (35-2, 2/3), 3538 ਮਿਨ (11-13), 3537 ਮਿਨ (0-4), 3537 ਮਿਨ (0-4), 3537 ਮਿਨ (0-8, 1/3), 3537 ਮਿਨ (1-3), 3528 ਮਿਨ (1-5), 3537 ਮਿਨ (0-2), 3537 ਮਿਨ (0-9), 3537(0-4), ਖਾਤਾ ਨੰ. 3999/20752 ਤੋਂ 20759 ਹਨ। ਇਹ ਜਾਇਦਾਦ ਟਾਈਟਲ ਡੀਡ ਨੰ. 2020-21/23/1/5191 ਮਿਤੀ 06.11.2020 ਰਾਹੀਂ ਮਨਪ੍ਰੀਤ ਸਿੰਘ ਦੇ ਨਾਂ 'ਤੇ ਹੈ। ਹੱਦਬੰਦੀ ਇੰਝ ਹੈ—ਉੱਤਰ ਵੱਲੋਂ : ਗਲੀ, ਦੱਖਣ ਵੱਲੋਂ : ਪਲਾਟ, ਪੂਰਬ ਵੱਲੋਂ : ਪਲਾਟ, ਪੱਛਮ ਵੱਲੋਂ : ਹਰਪ੍ਰੀਤ ਕੌਰ ਦਾ ਮਕਾਨ।	26.05.2026	04.08.2026	24,86,134 ਰੁ. (ਸਿਰਫ ਚੌਵੀ ਲੱਖ ਛਿਆਸੀ ਹਜ਼ਾਰ ਇਕ ਸੌ ਚੌਂਤੀ ਰੁਪਏ) 26.05.2026 ਨੂੰ ਭਵਿੱਖੀ ਵਿਆਜ ਸਮੇਤ ਜਮ੍ਹਾ ਚਾਰਜਿਜ਼ ਤੇ ਖਰਚੇ।	04.08.2026 ਨੂੰ ਲਿਆ ਗਿਆ ਸੰਕੇਤਕ ਕਬਜ਼ਾ
ਪ੍ਰੀਤਪਾਲ ਸਿੰਘ ਪੁੱਤਰ ਬਲਵੰਤ ਸਿੰਘ (ਬਿਨੈਕਾਰ) ਅਤੇ ਸੁਖਜੀਤ ਕੌਰ ਪੁੱਤਰੀ ਗੁਰਮੇਲ ਸਿੰਘ (ਸਹਿ-ਬਿਨੈਕਾਰ), ਵਾਸੀ ਮਕਾਨ ਨੰ. 11088, ਗਲੀ ਨੰ. 4, ਮੁਕਤਸਰ, ਪੰਜਾਬ-152026 ਅਤੇ ਮਕਾਨ ਨੰ. 4, ਕੀਰਤ ਨਗਰ, ਗਲੀ ਨੰ. 3, ਮਲੋਟ ਰੋਡ, ਮੁਕਤਸਰ, ਪੰਜਾਬ ਅਤੇ ਬਲਦੇਵ ਕੌਰ ਪਤਨੀ ਬਲਵੰਤ ਸਿੰਘ (ਗਾਰੰਟਰ), ਵਾਸੀ ਭਾਈ ਜਰਨੈਲ ਸਿੰਘ ਨਗਰ, ਮੁਕਤਸਰ, ਸ੍ਰੀ ਮੁਕਤਸਰ ਸਾਹਿਬ ਅਤੇ ਮਨਪ੍ਰੀਤ ਸਿੰਘ ਪੁੱਤਰ ਜਸਪਾਲ ਸਿੰਘ (ਗਾਰੰਟਰ), ਵਾਸੀ ਪਿੰਡ ਤੇ ਡਾਕਖਾਨਾ ਅਬਲੂ ਖੁਰਾਣਾ, ਮੁਕਤਸਰ, ਪੰਜਾਬ-152114। (ਲੋਨ ਅਕਾਊਂਟ ਨੰ. 3003200001120)	ਜਾਇਦਾਦ ਦੀ ਇਕਵੀਟੇਬਲ ਮਾਰਟਗੇਜ ਦਾ ਸਾਰਾ ਅਹਿਮ ਹਿੱਸਾ, ਜਿਸ ਦਾ ਖੇਵਟ ਨੰ. 117, ਖਤੌਨੀ ਨੂੰ. 219, ਮੁਸਤੀਲ ਨੰ. 44, ਕਿੱਲਾ ਨੰ. 1/2(1-1), 9/2(4-14), 10(7-19) ਹੈ। ਇਹ ਜਾਇਦਾਦ ਮਕਾਨ ਨੰ. 4, ਗਲੀ ਨੰ. 3, ਕੀਰਤ ਨਗਰ, ਮਲੋਟ ਰੋਡ, ਸ੍ਰੀ ਮੁਕਤਸਰ ਸਾਹਿਬ, ਹੱਦਬਸਤ ਨੰ. 54, ਪੰਜਾਬ-152026 'ਚ ਸਥਿਤ ਹੈ। 5.0 ਮਰਲਾ 1.5 ਸਰਸਾਈ ਦੇ ਪਲਾਟ ਰਕਬੇ ਵਾਲੀ ਜਾਇਦਾਦ ਟਾਈਟਲ ਡੀਡ ਨੰ. 2024-25/53/1/5121 ਮਿਤੀ 15.01.2025 ਰਾਹੀਂ ਪ੍ਰੀਤਪਾਲ ਸਿੰਘ ਦੇ ਨਾਂ 'ਤੇ ਹੈ। ਹੱਦਬੰਦੀ—ਸਾਹਮਣੇ ਤੋਂ : ਗਲੀ, ਪਿਛਲੇ ਪਾਸੇ ਤੋਂ : ਰਾਮ ਰਤਨ, ਇਕ ਪਾਸੇ ਤੋਂ : ਹਰਦੀਪ ਕੌਰ ਪਤਨੀ ਜਗਵੀਰ ਸਿੰਘ, ਦੂਜੇ ਪਾਸੇ ਤੋਂ : ਕੇਵਲ ਸਿੰਘ ਤੇ ਰਿਹਾਇਸ਼ੀ ਮਕਾਨ।	26.05.2026	06.08.2026	19,42,699.27 ਰੁ. (ਸਿਰਫ ਉੱਨੀ ਲੱਖ ਬਤਾਲੀ ਹਜ਼ਾਰ ਛੇ ਸੌ ਨੜਿੰਨਵੇਂ ਰੁਪਏ ਤੇ ਸਤਾਈ ਪੈਸੇ) 26.05.2026 ਨੂੰ ਭਵਿੱਖੀ ਵਿਆਜ ਸਮੇਤ ਜਮ੍ਹਾ ਚਾਰਜਿਜ਼ ਤੇ ਖਰਚੇ।	06.08.2026 ਨੂੰ ਲਿਆ ਗਿਆ ਸੰਕੇਤਕ ਕਬਜ਼ਾ

ਉੱਪਰ ਦੱਸੇ ਅਨੁਸਾਰ ਬਕਾਇਆ ਰਕਮ ਜਮ੍ਹਾ ਇਕੱਠਾ ਹੋਇਆ ਅਗਲਾ ਵਿਆਜ ਅਤੇ ਹੋਰ ਚਾਰਜਿਜ਼ ਡਿਮਾਂਡ ਨੋਟਿਸ ਦੀ ਮਿਤੀ ਤੋਂ।

ਮਿਤੀ : 07.08.2026 ਅਧਿਕਾਰਤ ਅਫਸਰ,
ਸਥਾਨ : ਬਠਿੰਡਾ ਐੱਲ. ਆਈ. ਸੀ. ਹਾਊਸਿੰਗ ਫਾਇਨਾਂਸ ਲਿਮਟਿਡ

ਪਬਲਿਕ ਨੋਟਿਸ

ਅਲਾਟੀ ਦੇ ਦਿਹਾਂਤ ਉਪਰੰਤ ਉਦਯੋਗਿਕ ਪਲਾਟ ਦਾ ਪਰਿਵਾਰਕ ਟਰਾਂਸਫਰ

ਆਮ ਜਨਤਾ ਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਪਲਾਟ ਨੰ. C-109, ਫੇਜ਼-VII, ਆਈ. ਐੱਫ. ਪੀ., ਮੋਹਾਲੀ ਪੀ. ਐੱਸ. ਆਈ. ਈ. ਸੀ. ਵੱਲੋਂ [illegible] ਨੂੰ ਟਰਾਂਸਫਰ ਕੀਤਾ ਗਿਆ ਸੀ। [illegible]

ਮ੍ਰਿਤਕ ਦਾ ਨਾਂ	ਸ੍ਰੀ ਗਿਰਧਾਰੀ ਲਾਲ ਮਹਿਤਾ ਪੁੱਤਰ ਸਵ. ਸ੍ਰੀ ਮਧੀ ਰਾਮ
ਜਾਇਦਾਦ ਦਾ ਵੇਰਵਾ	ਪਲਾਟ ਨੰ. C-109, ਫੇਜ਼-VII, ਆਈ. ਐੱਫ. ਪੀ., ਮੋਹਾਲੀ
ਦਿਹਾਂਤ ਦੀ ਮਿਤੀ	24.03.2025
ਦਾਅਵੇਦਾਰ ਵੱਲੋਂ ਪੇਸ਼ ਐਫੀਡੇਵਿਟ ਅਨੁਸਾਰ ਮ੍ਰਿਤਕ ਦੇ ਕਾਨੂੰਨੀ ਵਾਰਿਸ (ਾਂ) ਦਾ ਨਾਂ	ਸ਼੍ਰੀਮਤੀ ਪੁਸ਼ਪਾ ਮਹਿਤਾ (ਪਤਨੀ) ਸ੍ਰੀ ਨਵੀਤ ਮਹਿਤਾ (ਪੁੱਤਰ) ਸ੍ਰੀ ਨਵੀਨ ਮਹਿਤਾ (ਪੁੱਤਰ) ਸ੍ਰੀ ਵਿਕਾਸ ਮਹਿਤਾ (ਪੁੱਤਰ)
ਦਾਅਵੇਦਾਰ ਦਾ ਨਾਂ ਅਤੇ ਮ੍ਰਿਤਕ ਨਾਲ ਰਿਸ਼ਤਾ	ਸ਼੍ਰੀਮਤੀ ਪੁਸ਼ਪਾ ਮਹਿਤਾ ਪਤਨੀ ਸਵ. ਸ੍ਰੀ ਗਿਰਧਾਰੀ ਲਾਲ ਮਹਿਤਾ (12.5%)

ਜੇ ਕਿਸੇ ਨੂੰ ਵੀ ਉਦਯੋਗਿਕ ਪਲਾਟ ਨੰ. C-109, ਫੇਜ਼-VII, ਆਈ. ਐੱਫ. ਪੀ., ਮੋਹਾਲੀ ਦੇ ਸਬੰਧ 'ਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ (ਜੇ ਕੋਈ ਹੋਣ) ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਦੇ 15 ਦਿਨਾਂ ਅੰਦਰ ਨਿਮਨਹਸਤਾਖਰੀ ਕੋਲ ਲਿਖਤੀ ਤੌਰ 'ਤੇ ਪੇਸ਼ ਕਰ ਸਕਦਾ/ਸਕਦੀ/ਸਕਦੇ ਹਨ। ਅਜਿਹਾ ਕਰਨ ਵਿਚ ਅਸਫਲ ਰਹਿਣ 'ਤੇ ਉਦਯੋਗਿਕ ਪਲਾਟ ਨੰ. C-109, ਫੇਜ਼-VII, ਆਈ. ਐੱਫ. ਪੀ., ਮੋਹਾਲੀ ਨੂੰ ਪੀ. ਐੱਸ. ਆਈ. ਈ. ਸੀ. ਵੱਲੋਂ ਉਕਤ ਦਾਅਵੇਦਾਰ ਭਾਵ ਸ਼੍ਰੀਮਤੀ ਪੁਸ਼ਪਾ ਮਹਿਤਾ ਪਤਨੀ ਸ੍ਰੀ ਗਿਰਧਾਰੀ ਲਾਲ ਮਹਿਤਾ (12.5%) (ਪਤਨੀ) ਦੇ ਹੱਕ ਵਿਚ ਟਰਾਂਸਫਰ ਕਰ ਦਿੱਤਾ ਜਾਵੇਗਾ। ਇਸ ਨੋਟਿਸ ਦੇ ਪ੍ਰਕਾਸ਼ਨ ਪਿੱਛੋਂ 15 ਦਿਨਾਂ ਦੀ ਸਮਾਪਤੀ ਤੋਂ ਬਾਅਦ ਪ੍ਰਾਪਤ ਕਿਸੇ ਵੀ ਦਾਅਵੇ/ਇਤਰਾਜ਼ ਨੂੰ ਧਿਆਨ 'ਚ ਨਹੀਂ ਰੱਖਿਆ ਜਾਵੇਗਾ।

ਅਸਟੇਟ ਅਫਸਰ,
ਪੰਜਾਬ ਸਮਾਲ ਇੰਡਸਟ੍ਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ,
ਉਦਯੋਗ ਭਵਨ, ਸੈਕਟਰ-17 ਏ, ਚੰਡੀਗੜ੍ਹ
ਫੋਨ : 2702301-05, ਫੈਕਸ : 91-0172-2702039

ਪਬਲਿਕ ਨੋਟਿਸ

ਅਲਾਟੀ ਦੇ ਦਿਹਾਂਤ ਉਪਰੰਤ ਉਦਯੋਗਿਕ ਪਲਾਟ ਦਾ ਪਰਿਵਾਰਕ ਟਰਾਂਸਫਰ

ਆਮ ਜਨਤਾ ਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਪਲਾਟ ਨੰ. C-206, ਫੇਜ਼-VIII B, ਆਈ. ਐੱਫ. ਪੀ., ਮੋਹਾਲੀ ਪੀ. ਐੱਸ. ਆਈ. ਈ. ਸੀ. ਵੱਲੋਂ ਮੈਸਰਜ਼ ਜੀ. ਐੱਲ. ਟੈਕਨਾਲੋਜੀਜ਼ ਨੂੰ ਟਰਾਂਸਫਰ ਕੀਤਾ ਗਿਆ ਸੀ। ਹੁਣ ਸ਼੍ਰੀਮਤੀ ਪੁਸ਼ਪਾ ਮਹਿਤਾ ਨੇ ਸ੍ਰੀ ਗਿਰਧਾਰੀ ਲਾਲ ਮਹਿਤਾ ਦੇ ਦਿਹਾਂਤ ਉਪਰੰਤ ਉਕਤ ਪਲਾਟ ਦੇ ਟਰਾਂਸਫਰ ਲਈ ਪੀ. ਐੱਸ. ਆਈ. ਈ. ਸੀ. ਕੋਲ ਪਹੁੰਚ ਕੀਤੀ ਹੈ। ਬਿਨੈਕਾਰ ਨੇ ਸੂਚਿਤ ਕੀਤਾ ਹੈ ਕਿ ਉਨ੍ਹਾਂ ਦੇ ਪਤੀ ਸ੍ਰੀ ਗਿਰਧਾਰੀ ਲਾਲ ਮਹਿਤਾ ਦਾ ਦਿਹਾਂਤ ਹੋ ਚੁੱਕਾ ਹੈ ਅਤੇ ਮ੍ਰਿਤਕ ਦੇ ਹੋਰ ਸਾਰੇ ਕਾਨੂੰਨੀ ਵਾਰਿਸਾਂ ਨੇ ਉਕਤ ਪਲਾਟ 'ਚ ਸ੍ਰੀ ਗਿਰਧਾਰੀ ਲਾਲ ਮਹਿਤਾ ਦੇ ਹਿੱਸੇ ਦਾ ਟਰਾਂਸਫਰ ਸ਼੍ਰੀਮਤੀ ਪੁਸ਼ਪਾ ਮਹਿਤਾ ਪਤਨੀ ਸ੍ਰੀ ਗਿਰਧਾਰੀ ਲਾਲ ਮਹਿਤਾ ਦੇ ਹੱਕ ਵਿਚ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਇਹ ਬੇਨਤੀ ਪੀ. ਐੱਸ. ਆਈ. ਈ. ਸੀ. ਕੋਲ ਵਿਚਾਰ ਅਧੀਨ ਹੈ।

ਮ੍ਰਿਤਕ ਦਾ ਨਾਂ	ਸਵ. ਸ੍ਰੀ ਗਿਰਧਾਰੀ ਲਾਲ ਮਹਿਤਾ
ਜਾਇਦਾਦ ਦਾ ਵੇਰਵਾ	ਪਲਾਟ ਨੰ. C-206, ਫੇਜ਼-VIII B, ਆਈ. ਐੱਫ. ਪੀ., ਮੋਹਾਲੀ
ਦਿਹਾਂਤ ਦੀ ਮਿਤੀ	24.03.2025
ਦਾਅਵੇਦਾਰ ਵੱਲੋਂ ਪੇਸ਼ ਐਫੀਡੇਵਿਟ ਅਨੁਸਾਰ ਮ੍ਰਿਤਕ ਦੇ ਕਾਨੂੰਨੀ ਵਾਰਿਸ (ਾਂ) ਦਾ ਨਾਂ	ਸ਼੍ਰੀਮਤੀ ਪੁਸ਼ਪਾ ਮਹਿਤਾ (ਪਤਨੀ) ਸ੍ਰੀ ਨਵੀਤ ਮਹਿਤਾ (ਪੁੱਤਰ) ਸ੍ਰੀ ਨਵੀਨ ਮਹਿਤਾ (ਪੁੱਤਰ) ਸ੍ਰੀ ਵਿਕਾਸ ਮਹਿਤਾ (ਪੁੱਤਰ)
ਦਾਅਵੇਦਾਰ ਦਾ ਨਾਂ ਅਤੇ ਮ੍ਰਿਤਕ ਨਾਲ ਰਿਸ਼ਤਾ	ਸ਼੍ਰੀਮਤੀ ਪੁਸ਼ਪਾ ਮਹਿਤਾ ਪਤਨੀ ਸਵ. ਸ੍ਰੀ ਗਿਰਧਾਰੀ ਲਾਲ ਮਹਿਤਾ (25%)

ਜੇ ਕਿਸੇ ਨੂੰ ਵੀ ਉਦਯੋਗਿਕ ਪਲਾਟ ਨੰ. C-206, ਫੇਜ਼-VIII B, ਆਈ. ਐੱਫ. ਪੀ., ਮੋਹਾਲੀ ਦੇ ਸਬੰਧ 'ਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ (ਜੇ ਕੋਈ ਹੋਣ) ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਦੇ 15 ਦਿਨਾਂ ਅੰਦਰ ਨਿਮਨਹਸਤਾਖਰੀ ਕੋਲ ਲਿਖਤੀ ਤੌਰ 'ਤੇ ਪੇਸ਼ ਕਰ ਸਕਦਾ/ਸਕਦੀ/ਸਕਦੇ ਹਨ। ਅਜਿਹਾ ਕਰਨ ਵਿਚ ਅਸਫਲ ਰਹਿਣ 'ਤੇ ਉਦਯੋਗਿਕ ਪਲਾਟ ਨੰ. C-206, ਫੇਜ਼-VIII B, ਆਈ. ਐੱਫ. ਪੀ., ਮੋਹਾਲੀ ਨੂੰ ਪੀ. ਐੱਸ. ਆਈ. ਈ. ਸੀ. ਵੱਲੋਂ ਉਕਤ ਦਾਅਵੇਦਾਰ ਭਾਵ ਸ਼੍ਰੀਮਤੀ ਪੁਸ਼ਪਾ ਮਹਿਤਾ ਪਤਨੀ ਸ੍ਰੀ ਗਿਰਧਾਰੀ ਲਾਲ ਮਹਿਤਾ (25% ਹਿੱਸਾ) (ਪਤਨੀ) ਦੇ ਹੱਕ ਵਿਚ ਟਰਾਂਸਫਰ ਕਰ ਦਿੱਤਾ ਜਾਵੇਗਾ। ਇਸ ਨੋਟਿਸ ਦੇ ਪ੍ਰਕਾਸ਼ਨ ਪਿੱਛੋਂ 15 ਦਿਨਾਂ ਦੀ ਸਮਾਪਤੀ ਤੋਂ ਬਾਅਦ ਪ੍ਰਾਪਤ ਕਿਸੇ ਵੀ ਦਾਅਵੇ/ਇਤਰਾਜ਼ ਨੂੰ ਧਿਆਨ 'ਚ ਨਹੀਂ ਰੱਖਿਆ ਜਾਵੇਗਾ।

ਅਸਟੇਟ ਅਫਸਰ,
ਪੰਜਾਬ ਸਮਾਲ ਇੰਡਸਟ੍ਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ,
ਉਦਯੋਗ ਭਵਨ, ਸੈਕਟਰ-17 ਏ, ਚੰਡੀਗੜ੍ਹ
ਫੋਨ : 2702301-05, ਫੈਕਸ : 91-0172-2702039

ਬੈਂਕ ਆਫ਼ ਇੰਡੀਆ Bank of India

ਜ਼ੋਨਲ ਆਫਿਸ ਲੁਧਿਆਣਾ : ਸੂਰੀਆ ਕਿਰਨ ਕੰਪਲੈਕਸ, ਦਿ ਮਾਲ, ਲੁਧਿਆਣਾ-141002, ਫੋਨ : 0161-2410751, 2408161, (ਫੈਕਸ), ਈ-ਮੇਲ : Ard.Ludhiana@bankofindia.bank.in

[illegible]

ਮਿਤੀ : 07.08.2026 ਸਥਾਨ : ਲੁਧਿਆਣਾ ਅਧਿਕਾਰਤ ਅਫਸਰ, ਬੈਂਕ ਆਫ਼ ਇੰਡੀਆ

ਫਾਰਮ ਨੰ. 3
[ਰੈਗੂਲੇਸ਼ਨ-13(1)(a) ਵੇਖੋ]

ਡੈਬਟਸ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀ. ਆਰ. ਟੀ.-3)

ਗਰਾਊਂਡ ਫਲੋਰ, ਐੱਸ. ਸੀ. ਓ. 33-34-35, ਸੈਕਟਰ-17ਏ, ਚੰਡੀਗੜ੍ਹ-160017

ਕੇਸ ਨੰ. : OA/1625/2021

ਐਕਟ ਦੀ ਧਾਰਾ-19 ਦੀ ਉਪ-ਧਾਰਾ (4), ਜਿਸ ਨੂੰ ਡੈਬਟਸ ਰਿਕਵਰੀ ਟ੍ਰਿਬਿਊਨਲ (ਪ੍ਰੋਸੀਜਰ) ਰੂਲਜ਼, 1993 ਦੇ ਰੂਲ-5 ਦੇ ਸਬ-ਰੂਲ (2ਏ) ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਸੰਮਨ।

ਈ. ਅਕਸ. ਐੱਚ. ਨੰ. : 32983

ਪੰਜਾਬ ਨੈਸ਼ਨਲ ਬੈਂਕ
ਬਨਾਮ
ਮੈਸਰਜ਼ ਐੱਸ. ਕੇ. ਟੀ. ਇੰਡਸਟ੍ਰੀਜ਼ ਤੇ ਹੋਰ

(2) ਤਲਵਿੰਦਰ ਸਿੰਘ ਪੁੱਤਰ ਸ੍ਰੀ ਜਸਵੰਤ ਸਿੰਘ [illegible] 141007 ਵਿਖੇ ਸਥਿਤ ਹੈ।
(3) [illegible] 141007 ਵਿਖੇ ਸਥਿਤ ਹੈ।
(4) [illegible] 2930, ਗਲੀ ਨੰ. 1 ਗੁਰੂ ਨਾਨਕ ਕਾਲੋਨੀ [illegible] ਲੁਧਿਆਣਾ-141007 ਵਿਖੇ ਸਥਿਤ ਹੈ।

ਸੰਮਨ

ਜਿਵੇਂ ਕਿ OA/1625/2021 ਮਾਣਯੋਗ ਪ੍ਰੀਜ਼ਾਈਡਿੰਗ ਅਫਸਰ/ਰਜਿਸਟਰਾਰ ਕੋਲ 29.07.2026 ਨੂੰ ਸੂਚੀਬੱਧ ਕੀਤਾ ਗਿਆ ਸੀ। [illegible] 1,04,42,407.61 [illegible]

[illegible] 11.09.2026 ਨੂੰ ਸਵੇਰੇ 10.30 ਵਜੇ [illegible]

ਮਿਤੀ 30.07.2026 ਨੂੰ ਮੇਰੇ ਹਸਤਾਖਰ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਹੇਠ ਜਾਰੀ ਕੀਤਾ ਗਿਆ।
ਸੰਮਨ ਜਾਰੀ ਕਰਨ ਲਈ ਅਧਿਕਾਰਤ ਅਫਸਰ ਦੇ ਹਸਤਾਖਰ

ਬੈਂਕ ਆਫ਼ ਇੰਡੀਆ Bank of India

ਲੁਧਿਆਣਾ ਐਸੇਟ ਰਿਕਵਰੀ ਬ੍ਰਾਂਚ, ਲੁਧਿਆਣਾ ਜ਼ੋਨਲ ਆਫਿਸ ਪ੍ਰਿਮਿਸਿਜ਼, ਸੂਰੀਆ ਕਿਰਨ ਕੰਪਲੈਕਸ, ਪਹਿਲੀ ਮੰਜ਼ਿਲ, ਫੇਜ਼-II, ਦਿ ਮਾਲ, ਨੇੜੇ ਕੱਚ ਬਾਗ, ਸਿਵਲ ਲਾਈਨਜ਼, ਲੁਧਿਆਣਾ-141001, ਫੋਨ : 0161-5008544

ਪਬਲਿਕ ਨੋਟੀਫਿਕੇਸ਼ਨ

[illegible] 29.06.2026 [illegible]

(1) [illegible] ਰਾਜਪੁਰਾ ਟਾਊਨ, ਜ਼ਿਲਾ ਪਟਿਆਲਾ, ਪੰਜਾਬ-140401.
(2) [illegible] ਰਾਜਪੁਰਾ ਟਾਊਨ, ਜ਼ਿਲਾ ਪਟਿਆਲਾ, ਪੰਜਾਬ-140401.
(3) [illegible] ਪਟਿਆਲਾ, ਪੰਜਾਬ-140401.
(4) [illegible] ਰਾਜਪੁਰਾ ਟਾਊਨ, ਜ਼ਿਲਾ ਪਟਿਆਲਾ, ਪੰਜਾਬ-140401.
(5) [illegible] ਰਾਜਪੁਰਾ ਟਾਊਨ, ਜ਼ਿਲਾ ਪਟਿਆਲਾ, ਪੰਜਾਬ-140401.

[illegible]

ਵਿਲਫੁਲ ਡਿਫਾਲਟ ਦੀ ਆਈਡੈਂਟੀਫਿਕੇਸ਼ਨ ਕਮੇਟੀ ਦੀ ਲਈ ਅਤੇ ਤਰਫ਼ੋਂ